Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਦਸੰਬਰ 2015 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਹਮ ਇਹ ਕਾਜ ਜਗਤ ਮੋ ਆਏ.....



ਪੋਹ ਦਾ ਮਹੀਨਾ ਸਿੱਖ ਇਤਿਹਾਸ ਵਿਚ ਇੱਕ ਖਾਸ ਮਹੱਤਵ ਰੱਖਦਾ ਹੈ। ਇਸ ਸਮੇਂ ਦੌਰਾਨ ਧੰਨ ਗੁਰੂ ਤੇਗ ਬਹਾਦਰ ਸਹਿਬ ਜੀ ਦੀ ਸ਼ਹੀਦੀ ਤੋਂ ਲੈ ਕੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਸਹਿਤ ਆਪਾ ਧਰਮ ਅਤੇ ਜ਼ਾਲਮ ਜਬਰ ਨੂੰ ਖਤਮ ਕਰਨ ਲਈ ਵਾਰ ਦਿੱਤਾ। ਦੁਨੀਆਂ ਵਿਚ ਜੇ ਕੋਈ ਬੰਦਾ ਚੰਗਾ ਕੰਮ ਕਰ ਲਵੇ ਤਾਂ ਲੋਕਾਂ ਵਿਚ ਉਨ੍ਹਾਂ ਦਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਜੇ ਪਿਤਾ ਨੇ ਵੀ ਚੰਗਾ ਕੰਮ ਕੀਤਾ ਹੋਵੇ ਤਾਂ ਪਰਿਵਾਰ ਨੂੰ ਸਤਿਕਾਰ ਦਿੱਤਾ ਜਾਂਦਾ ਹੈ। ਪ੍ਰੰਤੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਗੁਰੂ ਤੇਗ ਬਹਾਦਰ ਨੇ ਅਦੁੱਤੀ ਕੁਰਬਾਨੀ ਹਿੰਦੂ ਧਰਮ ਦੀ ਖਾਤਰ ਆਪ ਮਜਲੂਮ ਨੇ ਮੁਲਜਮ ਕੋਲ ਚਲ ਕੇ ਕੀਤੀ, ਜਿਸ ਦੀ ਮਿਸਾਲ ਸੰਸਾਰ ਵਿਚ ਕਿਤੇ ਨਹੀਂ ਮਿਲਦੀ। ਇਸ ਤੋਂ ਉਪਰੰਤ ਗੁਰੂ ਗੋਬਿੰਦ ਸਿੰਘ ਦੇ ਦਾਦਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਜਬਰ ਤੇ ਇਨਸਾਫ ਲਈ ਤਲਵਾਰ ਚੁੱਕ ਕੇ ਚਾਰ ਜੰਗਾ ਦਾ ਟਾਕਰਾ ਕੀਤਾ ਅਤੇ ਚਾਰਾਂ ਵਿਚ ਹੀ ਜਿੱਤ ਸਿਰਫ ਧਰਮ ਅਤੇ ਜ਼ੁਲਮ ਦੀ ਖਾਤਰ ਕੀਤੀ। ਕੋਈ ਰਾਜ ਭਾਗ ਜਾਂ ਕਬਜ਼ੇ ਖਾਤਰ ਨਹੀਂ ਕੀਤੀ। ਆਪ ਜੀ ਦੇ ਪੜਦਾਦਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਾਂਤੀ ਸਰੂਪ ਹੋ ਕੇ ਧਰਮ ਵਿਚ ਦਰਸਾਈ ਸਹਿਨ ਸ਼ਕਤੀ ਨੂੰ ਅਡੋਲ ਪ੍ਰਵਾਨ ਕਰਕੇ ਸਰੀਰਕ ਜਾਮੇ ਵਿਚ ਵਿਖਾਇਆ"**"ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮ ਪਦਾਰਥ ਨਾਨਕ ਮਾਂਗੈ"** ਅਤੇ ਲਕੜਦਾਦਾ **"ਧੰਨ ਧੰਨ ਰਾਮਦਾਸ ਗੁਰੂ ਜਿਨਿ ਸਿਰਿਆ ਤਿਨਹ ਸਵਾਰਿਆ। ਪੂਰੀ ਹੋਈ ਕਰਾਮਾਤਿ, ਆਪਿ ਸਿਰਜਣਹਾਰੈ ਧਾਰਿਆ ॥"** ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਅਤੇ ਹਰਿਮੰਦਰ ਸਾਹਿਬ ਜੀ ਦਾ ਸਾਈਂ ਮੀਆਂ ਮੀਰ ਜੀ ਤੋਂ ਨੀਂਹ ਰਖਵਾ ਕੇ ਨਿਰਮਾਣ ਕੀਤਾ। ਇਸ ਤਰ੍ਹਾ ਸਾਰੀ ਪੀੜ੍ਹੀ-ਦਰ-ਪੀੜ੍ਹੀ ਨੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਅਤੇ ਫਲਸਫੇ ਤੇ ਵਿਚਰਦਿਆ ਜੋ ਬਾਣੀ ਵਿਚ ਲਿਖਿਆ ਉਸ ਨੂੰ ਸਰੀਰਕ ਤੌਰ ਤੇ ਪੂਰਾ ਕਰਕੇ ਦੱਸਿਆ ਹੈ। ਇਸੇ ਕਰਕੇ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਦੁਨੀਆਂ ਵਿਚ ਲਾਮਿਸਾਲ ਪਿਰਤ ਕਾਇਮ ਕਰ ਦਿੱਤੀ **"ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ। ਸਾਧਨਿ ਹੇਤਿ ਇਤੀ ਜਿਨਿ ਕਰੀ। ਸੀਸ ਦੀਆ, ਪਰ ਸੀ ਨ ਉਚਰੀ ॥ ਧਰਮ ਹੇਤ ਸਾਕਾ ਜਿਨਿ ਕੀਆ। ਸੀਸ ਦੀਆ, ਪਰ ਸਿਰਰੁ ਨ ਦੀਆ ॥ ਨਾਟਕ ਚੇਟਕ ਕੀਏ ਕੁਕਾਜਾ। ਪ੍ਰਭ ਲੋਗਨ ਕਹ ਆਵਤ ਲਾਜਾ ॥"** ਇਸ ਧਰਮ ਦੀ ਕੁਰਬਾਨੀ ਤੇ ਬਚਿਤ੍ਰ ਨਾਟਕ ਵਿਚ ਇਸ ਤਰ੍ਹਾਂ ਦਰਜ ਹੈ **"ਠੀਕਰਿ ਫੋਰਿ ਦਿਲਿਸ ਸਿਰਿ, ਪ੍ਰਭ ਪੁਰ ਕੀਆ ਪਯਾਨ। ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ ॥ ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ। ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥"**

ਇਸ ਸ਼ਹੀਦੀ ਤੋਂ ਉਪਰੰਤ ਜਬਰ ਜ਼ੁਲਮ ਦੇ ਖਾਤਮੇ ਲਈ ਜਦੋਂ ਸਭ ਦਲੀਲਾਂ ਅਤੇ ਕੋਸ਼ਿਸ਼ਾਂ ਅਸਫਲ ਹੋਈਆ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਧਰਮ, ਜਬਰ, ਜ਼ੁਲਮ ਅਤੇ ਦੇਸ਼ ਕੌਮ ਦੀ ਰਾਖੀ ਲਈ ਬਿਨ੍ਹਾਂ ਕਿਸੇ ਧਰਮ ਅਤੇ ਵਿਤਕਰੇ ਦੇ ਮਜਬੂਰਨ ਤਲਵਾਰ ਉਠਾ ਕੇ ਜੰਗੀ ਟਾਕਰੇ ਕਰਨੇ ਪਏ ਕਿਉਕਿ ਅਕਾਲ ਪੁਰਖ ਨੇ ਉਨ੍ਹਾਂ ਨੂੰ ਇਸ ਕਾਰਜ ਲਈ ਹੀ ਸੰਸਾਰ ਵਿਚ ਭੇਜਿਆ ਸੀ"**"ਮੈਂ ਹੋ ਪਰਮ ਪੁਰਖ ਕੋ ਦਾਸਾ। ਦੇਖਨ ਆਯੋ ਜਗਤ ਤਮਾਸਾ। ਜੋ ਪ੍ਰਭ ਜਗਤਿ ਕਹਾ ਸੋ ਕਹਿ ਹੈਂ। ਮ੍ਰਿਤ ਲੋਕ ਤੇ ਮੋਨ ਨ ਰਹਿ ਹੋ ॥"** ਬਾਦਸ਼ਾਹ ਔਰੰਗਜ਼ੇਬ ਅਤੇ ਉਸ ਦੇ ਰਾਜਸੀ ਅਹੁਦੇਦਾਰਾਂ ਨੇ ਅਤਿ ਦੀ ਜ਼ੁਲਮ ਦੀ ਹਨੇਰੀ ਮਚਾ ਰੱਖੀ ਸੀ। ਸਭ ਵਾਅਦੇ ਤੋੜ ਕੇ ਉਸਨੇ ਜ਼ਬਰਦਸਤੀ ਇਸਲਾਮ ਦੀ ਈਨ ਮਨਾਉਣ ਲਈ ਹਿੰਦੂਆਂ ਅਤੇ ਹੋਰ ਗੈਰ ਮੁਸਲਮਾਨਾਂ ਉਤੇ ਹਰ ਹੀਲੇ ਵਸੀਲੇ ਅੱਤਿਆਚਾਰ ਕੀਤੇ। ਇਸ ਸਭ ਨੂੰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਵਾਲੇ ਦਿਨ ਪੰਜ ਪਿਆਰੇ ਸਾਜ ਕੇ ਖਾਲਸਾ ਪੰਥ ਦੀ ਨੀਂਹ ਰੱਖੀ, ਇਹ ਬੀੜਾ ਚੁੱਕਿਆ ਅਤੇ ਆਪ ਜੀ ਨੇ ਨਿਮਰਤਾ ਸਹਿਤ ਪੰਜ ਪਿਆਰਿਆ ਨੂੰ ਬੇਨਤੀ ਕਰਕੇ ਖੰਡੇ ਬਾਟੇ ਦਾ ਅਮ੍ਰਿਤ ਪ੍ਰਾਪਤ ਕਰਕੇ ਖਾਲਸਾ ਪੰਥ ਵਿਚ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣੇ। **"ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ ॥"** ਆਪ ਜੀ ਨੇ ਜ਼ੁਲਮ ਦੀਆਂ ਹੱਦਾਂ ਪਾਰ ਹੁੰਦਿਆਂ ਵੇਖ ਕੇ ਗੁਰੂ ਨਾਨਕ ਦੀ ਗੁਰੂ ਗੱਦੀ ਦੇ ਵਾਰਿਸ ਹੁੰਦਿਆਂ ਜਦੋਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇੱਥੋਂ ਤੱਕ ਕਿ ਕੁਰਾਨ ਅਤੇ ਆਟੇ ਦੀ ਗਊ ਦੀਆਂ ਕਸਮਾਂ ਨੂੰ ਤੋੜਦਿਆਂ ਜ਼ੁਲਮ ਦੀਆਂ ਹੱਦਾਂ ਟੱਪੀਆਂ ਤਾਂ **"ਜਬੈ ਬਾਣ ਲਾਗਿਯੋ ॥ ਤਬੈ ਰੋਸ ਜਾਗਿਯੋ ॥"** ਫਿਰ ਕੀ ਸੀ ਕਿ"**"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਓ ॥"** ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪੰਥ ਨੂੰ ਸੇਧ ਦੇ ਕੇ ਸੂਰਮੇ ਤਿਆਰ ਬਰ ਤਿਆਰ ਕੀਤੇ। **"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥"** ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੰਸਾਰਿਕ

ਜੀਵਨ ਕਾਲ ਦੇ 42 ਵਰ੍ਹਿਆਂ ਵਿਚ 14 ਜੰਗਾ ਲੜੀਆਂ ਜੋ ਉਹਨਾਂ ਉੱਤੇ ਹਮਲੇ ਕਰਕੇ ਥੋਪੀਆਂ ਗਈਆ ਸਨ ਦੇ ਡੱਟ ਕੇ ਮੁਕਾਬਲੇ ਕੀਤੇ ਅਤੇ ਸਾਰੀਆਂ ਜੰਗਾਂ ਵਿਚ ਫਤਿਹ ਪ੍ਰਾਪਤ ਕੀਤੀਆਂ। ਕਿਸੇ ਵੀ ਜੰਗ ਉਪਰੰਤ ਰਾਜ ਨਹੀਂ ਕੀਤਾ ਅਤੇ ਜਨਤਾ ਦੀ ਭਲਾਈ ਉੱਥੋਂ ਦੇ ਯੋਗ ਲੋਕਾਂ ਨੂੰ ਸੌਂਪ ਗਏ ਸਨ। ਆਪ ਜੀ ਦੀ ਅਹਿਮ ਲੜਾਈ ਦਾ ਪੜਾਅ ਜੋ ਕਿ ਫੈਸਲਕੁੰਨ ਹੋਇਆ, ਉਹ ਸ੍ਰੀ ਅਨੰਦਪੁਰ ਸਾਹਿਬ ਤੋਂ ਮੁਗਲ ਫੌਜ ਅਤੇ ਪਹਾੜੀ ਰਾਜਿਆ ਦੀ ਸੈਨਾ ਤੋਂ ਸ਼ੁਰੂ ਹੋ ਕੇ ਪਰਿਵਾਰ ਵਿਛੋੜਾ ਸਿਰਸਾ ਨਦੀ ਤੋਂ ਹੁੰਦਾ ਹੋਇਆ ਚਮਕੌਰ ਸਾਹਿਬ ਵਿਖੇ ਹੋਇਆ, ਜਿਸ ਵਿਚ ਗੁਰੂ ਸਾਹਿਬ ਦੇ ਵੱਡੇ ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੇ ਬਹੁਤ ਵੱਡੀ ਸੈਨਾ ਦੇ ਲਾਹੋ ਲਸ਼ਕਰ ਨਾਲ ਮੁਕਾਬਲਾ ਕਰਕੇ ਸਿਰਫ 40 ਸਿੰਘ ਨਾਲ **''ਸਵਾ ਲਾਖ ਸੇ ਏਕ ਲੜਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥''** ਦੇ ਬਚਨ ਪੂਰੇ ਕਰਕੇ ਵਿਖਾਏ। ਇਸ ਜੰਗ ਵਿਚ ਦੋਵੇਂ ਸਾਹਿਬਜ਼ਾਦੇ ਆਪਣੇ ਆਪ ਗੁਰੂ ਜੀ ਨੂੰ ਬੇਨਤੀ ਕਰਕੇ ਅਤੇ ਆਗਿਆ ਲੈ ਕੇ ਸਪੁੱਤਰ ਬਣੇ ਅਤੇ ਲੱਖਾਂ ਵੈਰੀਆਂ ਦੇ ਆਹੂ ਲਾਉਂਦੇ ਹੋਏ ਸ਼ਹੀਦੀਆਂ ਪ੍ਰਾਪਤ ਕਰਕੇ ਇਤਿਹਾਸ ਸਿਰਜ ਗਏ। ਸ਼ਹਿਜ਼ਾਦਿਆਂ ਦੇ ਜੌਹਰ ਗੁਰੂ ਜੀ ਨੇ ਆਪਣੇ ਅਖੀਂ ਡਿਠੇ ਅਤੇ ਸ਼ਹੀਦੀਆਂ ਉਪਰੰਤ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਹੋਏ ਫਤਿਹ ਦੇ ਜੈਕਾਰੇ ਗੁੰਜਾਏ। ਗੁਰੂ ਜੀ ਨੇ ਆਪਣੇ ਖਾਲਸਾ ਨੂੰ ਪੁੱਤਰਾਂ ਵਾਂਗ ਪਿਆਰ, ਸਤਿਕਾਰ ਦਿੱਤਾ ਅਤੇ ਪਰਖ ਦੀ ਘੜੀ ਵਿਚ ਵੀ ਪੁੱਤਰਾਂ ਅਤੇ ਖਾਲਸਾ ਨੂੰ ਇੱਕ ਕਰਕੇ ਜਾਣਿਆ। ਇਸੇ ਕਰਕੇ ਹੀ ਸ੍ਰੀ ਚਮਕੌਰ ਸਾਹਿਬ ਰਹਿੰਦੀ ਦੁਨੀਆਂ ਤੱਕ ਇਤਿਹਾਸਿਕ ਯਾਦਗਾਰ ਬਣ ਕੇ ਆਉਂਦੀਆਂ ਨਸਲਾਂ ਨੂੰ ਧਰਮ ਅਤੇ ਨਿਆਂ ਖਾਤਰ ਪ੍ਰੇਰਤ ਕਰਦਾ ਰਹੇਗਾ। ਜਿਵੇਂ ਕਿ ਕਵੀਂ ਅੱਲਾ ਯਾਰ ਖਾਨ ਨੇ ਲਿਖਿਆ ਹੈ,"**''ਬਸ ਏਕ ਹਿੰਦ ਮੇ ਤੀਰਥ ਹੈ, ਯਾਤ੍ਰਾ ਕੇ ਲਿਯੇ। ਕਟਾਏ ਬਾਪ ਨੇ ਬੱਚੇ ਜਹਾਂ, ਖੁਦਾ ਕੇ ਲਿਯੇ॥''**

ਦਾਦੀ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਸਿਰਸਾ ਨਦੀ ਦੇ ਯੁੱਧ ਤੋਂ ਪਾਰ ਹੁੰਦਿਆਂ ਮਾਛੀ ਦੀ ਝੁੱਗੀ ਵਿਚੋਂ ਗੰਗੂ ਬ੍ਰਾਹਮਣ ਜੋ ਕਿ ਗੁਰੂ ਘਰ ਰਸੋਈਆ ਰਿਹਾ ਸੀ ਲੈ ਗਿਆ ਅਤੇ ਲਾਲਚ ਵੱਸ ਮਾਤਾ ਜੀ ਅਤੇ ਗੁਰੂ ਜੀ ਦੇ ਬੱਚਿਆਂ ਨੂੰ ਮੋਰਿੰਡੇ ਠਾਣੇ ਵਿਚ ਗ੍ਰਿਫਤਾਰ ਕਰਾ ਦਿੱਤਾ। ਦੋਵੇਂ ਸਾਹਿਬਜ਼ਾਦੇ ਸਰਹਿੰਦ ਸੂਬੇ ਦੀ ਕਚਹਿਰੀ ਵਿਚ ਬੰਦੀ ਉਪਰੰਤ ਪੇਸ਼ ਕੀਤੇ ਗਏ ਅਤੇ ਇਸਲਾਮ ਧਰਮ ਕਬੂਲਣ ਲਈ ਮਿੱਠੀਆਂ ਅਤੇ ਕੋੜੀਆਂ ਕੋਸ਼ਿਸ਼ਾਂ ਹਾਕਮ ਧਿਰ ਵਲੋਂ ਕੀਤੀਆਂ ਗਈਆਂ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਦੇ ਨਿੱਕੇ-ਨਿੱਕੇ ਲਾਲ 9 ਸਾਲ ਅਤੇ 7 ਸਾਲ ਦੀ ਸੰਸਾਰਿਕ ਆਯੂ ਹੋਣ ਕਰਕੇ ਵੀ ਹਰ ਚਾਲ ਵਿਚੋਂ ਗੁਰੂਆਂ ਦੀ ਬਖਸ਼ਿਸ਼ ਅਤੇ ਮਾਤਾ ਗੁਜਰ ਕੌਰ ਜੀ ਦੀ ਰਹਿਨੁਮਾਈ ਸਦਕਾ ਵਿਲੱਖਣ ਛਾਪ ਛੱਡਦੇ ਹੋਏ ਤਸੀਹੇ ਦੇਣ ਉਪਰੰਤ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤੇ ਗਏ। ਮਾਤਾ ਗੁਜਰ ਕੌਰ ਜੀ ਵੀ ਵਾਹਿਗੁਰੂ ਵਲੋਂ ਸੌਂਪੇਂ ਕਾਰਜਾਂ ਨੂੰ ਪੂਰਾ ਕਰਦੇ ਹੋਏ ਬੱਚਿਆਂ ਨੂੰ ਆਪਣੀ ਗੋਦ ਦਾ ਨਿੱਘ ਦੇਣ ਲਈ ਗੁਰਪੁਰੀ ਸਿਧਾਰ ਗਏ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੱਦ ਤੱਕ ਚਮਕੌਰ ਦੀ ਗੜੀ ਤੋਂ ਪੰਜ ਪਿਆਰਿਆਂ ਦੀ ਬੇਨਤੀ ਨੂੰ ਹੁਕਮ ਮੰਨਦੇ ਹੋਏ ਮਾਛੀਵਾੜੇ ਦੇ ਜੰਗਲਾਂ ਰਾਹੀ ਹੁੰਦੇ ਹੋਏ ਰਾਏਕੋਟ ਰਾਏ ਕਲ੍ਹਾ ਦੀ ਹਵੇਲੀ ਪਹੁੰਚੇ ਸਨ। ਉਹਨਾਂ ਨੇ ਨੂਰਾ ਮਾਹੀ ਨਾਂ ਦੇ ਸੇਵਕ ਨੂੰ ਸਰਹਿੰਦ ਭੇਜਿਆ ਅਤੇ ਮੁੜ ਪਹੁੰਚਣ ਤੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦਾ ਵੇਰਵੇ ਬਾਰੇ ਪਤਾ ਲਗਣ ਤੇ ਬੈਠੇ ਤੀਰ ਦੀ ਨੋਕ ਨਾਲ ਜ਼ਮੀਨ ਵਿਚੋਂ ਬਾਣ ਦੀ ਨੋਕ ਨਾਲ ਕਾਹੀ ਦੇ ਬੂਟੇ ਦੀ ਜੜ੍ਹ ਪੁੱਟ ਦਿੱਤੀ ਅਤੇ ਕਿਹਾ ਕਿ ਮੁਗਲ ਰਾਜ ਦੀਆਂ ਜੜ੍ਹਾਂ ਪੁਟੀਆਂ ਗਈਆਂ ਹਨ। ਗੁਰੂ ਜੀ ਨੇ ਆਪਣੇ ਪਰਿਵਾਰ ਦਾ ਧਰਮ ਖਾਤਰ ਆਪ ਨਾ ਡੋਲ, ਅਡੋਲ ਰਹੇ ਅਤੇ ਸ਼ਹੀਦੀਆਂ ਹੋਣ ਤੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਇਹੋ ਜਿਹੇ ਜਿਗਰੇ ਵਾਲਾ ਗੁਰੂ ਇਸ ਸੰਸਾਰ ਵਿੱਚ ਸਿਰਫ ਅਤੇ ਸਿਰਫ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਹੀ ਹੋ ਸਕਦੇ ਹਨ। ਫਿਰ ਗੁਰੂ ਸਾਹਿਬ ਮੁਕਤਸਰ ਸਾਹਿਬ ਦੀ ਜੰਗ ਖਿਦਰਾਣੇ ਦੀ ਢਾਬ ਤੇ ਫਤਿਹ ਉਪਰੰਤ ਦੀਨਾ ਕਾਂਗੜ (ਤਖਤ ਦਮਦਮਾ ਸਾਹਿਬ) ਰਹਿ ਕੇ ਬਾਬਾ ਦਲੀਪ ਸਿੰਘ ਰਾਹੀਂ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤਾਂ ਬੀੜਾ ਦੇ ਸਰੂਪ ਤਿਆਰ ਕਰਵਾ ਕੇ ਦੱਖਣ ਨੰਦੇੜ ਸਾਹਿਬ ਪਹੁੰਚ ਗਏ ਅਤੇ ਆਪਣੀ ਅੰਤਿਮ ਸੰਸਾਰਿਕ ਯਾਤਰਾ ਵਾਹਿਗੁਰੂ ਦੇ ਹੁਕਮਾਂ ਅਨੁਸਾਰ ਪੂਰੀ ਕਰਨ ਤੋਂ ਪਹਿਲਾ ਗੁਰਗੱਦੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਸੌਂਪ ਗਏ।"**''ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ। ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸਟ ਦੋਖੀਅਨਿ ਪਕਰਿ ਪਛਾਰੋ। ਯਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭਨ ਮਨਮੰ। ਧਰਮ ਚਲਾਵਣ ਸੰਤ ਉਚਾਰਨ। ਦੁਸਟ ਸਭ ਕੋ ਮੂਲ ਉਪਾਰਨ॥''**

ਸਾਨੂੰ ਸਭ ਨੂੰ ਸਾਰੇ ਗੁਰੂ ਸਾਹਿਬਾਨਾਂ ਦੀਆਂ ਕੁਰਬਾਨੀਆਂ, ਸੋਚ ਅਤੇ ਗੁਰਬਾਣੀ ਦੇ ਆਸਰੇ ਤੇ ਚੱਲ ਕੇ ਇਹ ਸਮਾਗਮ ਮਨਾਉਣ ਦਾ ਤਾਂ ਹੀ ਅਸਲ ਅਮਲ ਹੋਏਗਾ ਜੇ ਅਸੀਂ ਸੱਚੇ-ਸੁੱਚੇ, ਨਿਆਂਪੂਰਕ ਸਮਾਜ ਦੀ ਸਿਰਜਣਾ ਵਿਚ ਆਪਣਾ-ਆਪਣਾ ਯੋਗਦਾਨ ਪਾਈਏ।

**ਗੁਰਚਰਨ ਸਿੰਘ**
**ਪ੍ਰਧਾਨ ਅਤੇ ਮੁੱਖ ਸੰਪਾਦਕ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**
**ਮੋ. 98140-17067**

# ਲੁਬਾਣਾ ਸੇਵਕ

**Chief Editor**
**S. Gurcharan Singh**
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)

**Editor**
**S. Bhagwan Singh Lubana**
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Advisors**
S. Manjit Singh S.E. (Retd.) Jalandhar
Dr. Davinder Singh, Mukerian
Er. Harbir Singh Multani Jalandhar

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-94173-39469

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ



## ਤਤਕਰਾ


ਜਿਲਦ ਨੰ. 41 | ਅੰਕ - 46 | ਦਸੰਬਰ - 2015



| | | |
|---|---|---|
| 1. | ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਤੇ ਅਸੀਂ | 5 |
| 2. | ਗੁਰੂ ਤੇਗ ਬਹਾਦਰ ਅਤੇ ਮਨੁੱਖੀ ਅਜ਼ਾਦੀ | 6 |
| 3. | ਅਮਰ ਸ਼ਹੀਦ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ | 9 |
| 3. | ਗੁਰ ਸਾਗਰ ਦੇ ਸੁੱਚੇ ਮੋਤੀ | 15 |
| 5. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਦੀਆਂ ਗਤੀਵਿਧੀਆਂ | 19 |
| 6. | ਸ਼ੁੱਭ ਵਿਆਹ | 21 |
| 7. | ਸ਼ੋਕ ਸਮਾਚਾਰ | 22 |
| 8. | ਅਰਦਾਸ ਕੀ ਹੈ? | 23 |
| 9. | ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੀ | 25 |
| 10. | ਕਹਾਣੀ (ਪਿੱਠੂ ਗਰਮ) | 26 |
| 11. | ਵਧਾਈਆਂ-ਵਧਾਈਆਂ | 28 |
| 12. | ਕਾਵਿ-ਕਿਆਰੀ | 29 |
| 13. | ਸਿਹਤ ਸੰਭਾਲ | 31 |
| 14. | ਲੱਖੀ ਸ਼ਾਹ | 32 |
| 15. | ਸ਼ੁਭ ਅਨੰਦ ਕਾਰਜ | 34 |
| 16. | ਦਾਨੀ ਸੱਜਣਾਂ ਦੀ ਸੂਚੀ | 35 |
| 17. | ਮੈਟਰੀਮੋਨੀਅਲ | 38 |


## ਅਮਰ ਸ਼ਹੀਦ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ




'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Gurcharan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਤੇ ਅਸੀਂ

ਜਿਓਂ-ਜਿਓਂ ਪੋਹ ਦਾ ਮਹੀਨਾ ਬੀਤ ਰਿਹਾ ਹੈ, ਸਰਦੀ ਆਪਣਾ ਜ਼ੋਰ ਵਿਖਾ ਰਹੀ ਹੈ ਤੇ ਸਰਹਿੰਦ ਜੋੜ ਮੇਲੇ 'ਚ ਸ਼ਾਮਲ ਹੋਣ ਲਈ ਮੇਰੀ ਉਤਸੁਕਤਾ ਵੀ ਵੱਧਦੀ ਜਾ ਰਹੀ ਹੈ। ਵਾਹਿਗੁਰੂ ਦੀ ਕਿਰਪਾ ਸਦਕਾ ਪਿਛਲੇ ਕਈ ਸਾਲਾਂ ਤੋਂ ਮੈਨੂੰ ਸਰਹਿੰਦ ਜੋੜ ਮੇਲੇ 'ਚ ਹਾਜ਼ਰੀ ਲਵਾਉਣ ਦਾ ਸੁਭਾਗ ਪ੍ਰਾਪਤ ਹੁੰਦਾ ਆ ਰਿਹਾ ਹੈ। ਲੂ ਕੰਡੇ ਖੜ੍ਹੇ ਹੋ ਜਾਂਦੇ ਹਨ ਜਦੋਂ ਸ਼ਹੀਦੀਆਂ ਭਰੇ ਸਿੱਖ ਇਤਿਹਾਸ 'ਤੇ ਝਾਤ ਮਾਰੀਦੀ ਹੈ ਤਾਂ ਇਤਿਹਾਸ ਬੋਲਦਾ ਹੈ, 'ਉਸ ਸਮੇਂ ਜਦ ਸਿੱਖਾਂ ਦਾ ਰਾਜ ਨਹੀਂ ਸੀ, ਸਮੇਂ ਦੀ ਹਕੂਮਤ ਸਿੱਖਾਂ ਦਾ ਨਾਮ-ਓ-ਨਿਸ਼ਾਨ ਮਿਟਾਉਣ ਲਈ ਸਿਰ-ਧੜ ਦਾ ਜ਼ੋਰ ਲਗਾ ਰਹੀ ਸੀ, ਓਸ ਵਕਤ ਕਿਵੇਂ ਦਸ਼ਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸੁਚੱਜੀ ਰਹਿਨੁਮਾਈ, ਵਿਲੱਖਣ ਯੁੱਧ-ਨੀਤੀ ਅਤੇ ਦੂਰਅੰਦੇਸ਼ੀ ਸਦਕਾ ਸਿੱਖ ਪੰਥ ਦਾ ਕੇਸਰੀ ਨਿਸ਼ਾਨ ਸਾਹਿਬ ਝੁਲਾਈ ਰੱਖਿਆ। ਕਿਵੇਂ ਗੁਰੂ ਜੀ ਨੇ ਬਾਈਧਾਰ ਦੇ ਰਾਜਿਆਂ ਤੇ ਕੁਰਾਨ ਦੀਆਂ ਕਸਮਾਂ ਖਾ ਕੇ ਮੁਕਰਨ ਵਾਲੇ ਮੁਗਲਾਂ ਨੂੰ ਪਰਖਿਆ, ਕਿਵੇਂ ਪੰਜ-ਪੰਜ ਸਿੰਘਾਂ ਦੇ ਜੱਥਿਆਂ ਨੂੰ ਲੱਖਾਂ ਨਾਲ ਟਾਕਰਾ ਕਰਨ ਲਈ ਯੁੱਧ ਦੇ ਮੈਦਾਨ ਵੱਲ ਤੋਰਿਆ, ਕਿਵੇਂ ਚਮਕੌਰ ਦੀ ਗੜ੍ਹੀ ਅੰਦਰ ਭੁੱਖਣ-ਭਾਣੇ ਸਿੰਘਾਂ ਦੀ ਅਗਵਾਈ ਕਰਕੇ ਮੁਗ਼ਲ ਫ਼ੌਜ ਨੂੰ ਆਪਣੇ ਤੀਰਾਂ ਨਾਲ ਸੋਧਿਆ, ਕਿਵੇਂ ਸਿੱਖਾਂ ਦੇ ਹੁਕਮ ਨੂੰ ਸਿਰ ਮੱਥੇ ਮੰਨ ਕੇ ਚਮਕੌਰ ਦੀ ਗੜ੍ਹੀ ਵਿਚੋਂ ਬਾਹਰ ਨਿਕਲੇ ਤੇ ਆਪਣੇ ਚਾਰ ਸਾਹਿਬਜ਼ਾਦਿਆਂ ਨੂੰ ਪੰਥ ਤੋਂ ਵਾਰ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ।




**ਭਗਵਾਨ ਸਿੰਘ ਲੁਬਾਣਾ**
**ਸੰਪਾਦਕ**
**98155-40240**


ਸਿੱਖ ਕੌਮ ਸਿਰਾਂ ਦੇ ਮੁੱਲ ਪਵਾਉਣ ਮਗਰੋਂ ਹੋਂਦ ਵਿਚ ਆਈ ਹੈ। ਜੇਕਰ ਅੱਜ ਸਿਰ 'ਤੇ ਦਸਤਾਰ ਸਜਾਈ ਖੜ੍ਹਾ ਸਿੱਖ ਦੂਰੋਂ ਪਛਾਣਿਆ ਜਾਂਦਾ ਹੈ ਤਾਂ ਇਸ ਦੇ ਲਈ ਸਾਡੇ ਵੱਡੇ-ਵਡੇਰਿਆਂ ਨੇ ਘੋੜਿਆਂ ਦੀਆਂ ਕਾਠੀਆਂ 'ਤੇ ਰਾਤਾਂ ਬਿਤਾਈਆਂ ਹਨ, ਰੁੱਖਾਂ ਦੇ ਪੱਤੇ ਉਬਾਲ ਕੇ ਖਾਧੇ ਹਨ, ਦੇਗਾਂ 'ਚ ਉਬਾਲੇ ਖਾਧੇ ਹਨ, ਬੰਦ ਬੰਦ ਕਟਵਾਏ ਹਨ ਤੇ ਖੋਪਰੀਆਂ ਲੁਹਾਈਆਂ ਹਨ। ਕੀ ਵਿਸ਼ਵ ਭਰ 'ਚ ਕਿਸੇ ਹੋਰ ਕੌਮ ਕੋਲ ਹੈ ਇੰਨੀਆਂ ਲਾਸਾਨੀ ਕੁਰਬਾਨੀਆਂ ਨਾਲ ਭਰਿਆ ਇਤਿਹਾਸ? ਹੋਰਨਾਂ ਕੌਮਾਂ ਦੇ ਆਗੂ ਜ਼ਨਾਨੀ ਵਾਸਤੇ ਲੜਦੇ ਰਹੇ ਪਰ ਫਿਰ ਵੀ ਲੋਕ ਉਨ੍ਹਾਂ ਨੂੰ ਰਹਿਬਰ ਵਜੋਂ ਪੂਜਦੇ ਹਨ। ਸਾਡੇ ਲਈ ਬੜੀ ਸ਼ਰਮ ਦੀ ਗੱਲ ਹੈ ਕਿ ਜਿਸ ਗੁਰੂ ਨੇ ਸਾਡੇ ਲਈ ਆਪਣਾ ਸਰਬੰਸ ਵਾਰ ਦਿੱਤਾ, ਉਸ ਗੁਰੂ ਦੇ ਦਰਸਾਏ ਮਾਰਗ ਨੂੰ ਛੱਡ ਕੇ ਅਸੀਂ ਮਨ-ਮੱਤੀਆਂ ਕਰ ਰਹੇ ਹਾਂ। ਅੱਜ ਜਦ ਸਮਾਂ ਬਦਲ ਗਿਆ ਹੈ, ਹਾਲਾਤ ਸਾਡੇ ਪੱਖ ਵਿਚ ਹਨ, ਰਾਜ ਸਾਡਾ ਹੈ, ਸਰਕਾਰ ਸਾਡੀ ਹੈ, ਫਿਰ ਵੀ ਸਿੱਖ ਹੋਂਦ ਖਤਰੇ 'ਚ ਹੈ। ਗੱਲ-ਗੱਲ 'ਤੇ ਪੱਗ ਲਾਹ ਦਿੱਤੀ ਜਾਂਦੀ ਹੈ। ਸਿੱਖਾਂ ਦੇ ਬੱਚੇ ਸੈਲੂਨਾਂ ਤੇ ਪਾਰਲਰਾਂ ਵਿਚ ਬੈਠੇ ਦਿੱਸਦੇ ਹਨ। ਗੁਰਦੁਆਰਿਆਂ ਦੀਆਂ ਸ਼ਾਨਦਾਰ ਇਮਾਰਤਾਂ ਜ਼ਰੂਰ ਬਣ ਰਹੀਆਂ ਹਨ, ਪਰ ਸੰਗਤ ਘੱਟਦੀ ਜਾ ਰਹੀ ਹੈ। ਪੱਗ ਬੰਨ੍ਹਣ ਨਾਲ ਨੌਜਵਾਨਾਂ ਦਾ ਸਿਰ ਦਰਦ ਕਰਨ ਲੱਗਾ ਹੈ। ਸਿੱਖਾਂ 'ਤੇ ਚੁਟਕਲੇ ਬਣਾਏ ਜਾਂਦੇ ਹਨ। ਵਿਦੇਸ਼ਾਂ ਵਿਚ ਅਸੀਂ ਪੱਗ ਬੰਨ੍ਹਣ ਲਈ ਕੇਸ ਲੜਦੇ ਫਿਰਦੇ ਹਾਂ, ਪਰ ਆਪਣੇ ਦੇਸ਼ ਭਾਰਤ ਵਿਚ ਬਾਂਦਰ-ਟੋਪੀਆਂ ਪਾਈ, ਕੇਸ-ਦਾੜ੍ਹੀ ਕਤਲਾ ਕਰਵਾ ਕੇ ਆਪਣੇ ਆਪ ਨੂੰ ਮਾਡਰਨ ਅਖਵਾਉਂਦੇ ਹਾਂ। ਹੁਣ ਜਦ ਪੰਜਾਬ ਦੇ ਸਕੂਲਾਂ ਵਿਚ 25 ਦਸੰਬਰ ਤੋਂ ਛੁੱਟੀਆਂ ਹੋਣ ਜਾ ਰਹੀਆਂ ਹਨ ਤਾਂ ਸਕੂਲਾਂ ਦੇ ਨੋਟਿਸ-ਬੋਰਡਾਂ 'ਤੇ ਲਿਖ ਦਿੱਤਾ ਜਾਵੇਗਾ, 'ਕ੍ਰਿਸਮਸ ਜਾਂ ਵੱਡੇ ਦਿਨਾਂ ਕਾਰਨ ਸਕੂਲ ਬੰਦ ਰਹਿਣਗੇ।' ਇਹ ਕਿਉਂ ਨਹੀਂ ਦੱਸਿਆ ਜਾਂਦਾ ਕਿ ਇਹ ਸਾਡੇ ਸ਼ਹੀਦੀ ਦਿਨ ਹਨ? ਪੰਥ-ਦੋਖੀਆਂ ਦੀ ਕੋਝੀ ਸਾਜ਼ਿਸ਼ ਦੇ ਤਹਿਤ ਬਾਲ-ਮਨਾਂ ਅੰਦਰ ਸਿੱਖੀ ਦੇ ਦੀਵੇ ਨੂੰ ਬਲਣ ਹੀ ਨਹੀਂ ਦਿੱਤਾ ਜਾ ਰਿਹਾ।

ਸ਼ਹੀਦੀ ਜੋੜ ਮੇਲਿਆਂ ਨੂੰ ਰਾਜਨੀਤਕ ਰੰਗ ਚਾੜ੍ਹਿਆ ਜਾ ਰਿਹਾ ਹੈ। ਫਤਹਿਗੜ੍ਹ ਸਾਹਿਬ ਵਿਖੇ ਵੱਖੋ-ਵੱਖਰੀਆਂ ਰਾਜਨੀਤਕ ਧੜੇਬੰਦੀਆਂ ਆਪਣੀਆਂ-ਆਪਣੀਆਂ ਸਟੇਜਾਂ ਲਾਈ ਬੈਠੀਆਂ ਹੁੰਦੀਆਂ ਹਨ। ਜਿਸ ਪਵਿੱਤਰ ਜ਼ਮੀਨ 'ਤੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਸੰਬਧਿਤ ਕਥਾ-ਵਿਚਾਰਾਂ ਦਾ ਪ੍ਰਵਾਹ ਚਲਣਾ ਚਾਹੀਦਾ ਹੈ, ਉਥੇ ਰਾਜਨੀਤਕ ਪਾਰਟੀਆਂ ਇਕ ਦੂਜੇ 'ਤੇ ਤੋਹਮਤਾਂ ਲਾਉਂਦੇ ਹਨ। ਹੋਰ ਤਾਂ ਹੋਰ ਗੁਰਪੁਰਬਾਂ ਨੂੰ ਮਨਾਉਣ ਸੰਬੰਧੀ ਵੀ ਸਿੱਖ ਸੰਗਤ ਵਿਚ ਭਰਮ ਪੈਦਾ ਕੀਤਾ ਜਾ ਰਿਹਾ ਹੈ। ਸਿੱਖ ਭਾਵੇਂ ਪੰਜਾਬੀ ਹੋਵੇ, ਹਰਿਆਣਵੀ ਹੋਵੇ ਜਾਂ ਫਿਰ ਵਿਦੇਸ਼ੀ... ਸਭ ਤੋਂ ਪਹਿਲਾਂ ਉਹ ਗੁਰੂ ਕਾ ਸਿੱਖ ਹੈ।

ਪੰਜਾਬ ਦੇ ਮਹਾਨ ਕਵੀ ਪਾਸ਼ ਦੇ ਅਨੁਸਾਰ, "ਤੁਹਾਡੇ ਅੰਗ-ਸੰਗ, ਤੁਹਾਡੇ ਸ਼ਹੀਦ, ਤੁਹਾਥੋਂ ਕੋਈ ਆਸ ਰੱਖਦੇ ਹਨ।" ਸੋ ਸਾਕਾ ਸਰਹਿੰਦ ਸਾਡਾ ਗੌਰਵਮਈ ਵਿਰਸਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ-ਪੁੱਤਰੀਆਂ ਹੋਣ ਨਾਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਬਹੁੱਮੁੱਲੀ ਇਤਿਹਾਸ ਨੂੰ ਘੋਖੀਏ, ਵਿਚਾਰੀਏ ਅਤੇ ਸਭ ਤੋਂ ਜ਼ਰੂਰੀ ਕਿ ਇਤਿਹਾਸ ਨੂੰ ਸੰਭਾਲੀਏ।

ਆਪਣੇ ਬੱਚਿਆਂ ਨੂੰ ਸਮਝਾਓ ਕਿ ਗੁਰਪੁਰਬ, ਸ਼ਹੀਦੀ-ਪੁਰਬ ਮਨਾਉਣ ਦਾ ਉਚਿਤ ਢੰਗ ਕੀ ਹੈ? ਸਿੱਖ ਪਰਿਵਾਰ ਵਿਚ ਸਾਡਾ ਜਨਮ ਹੋਣ ਪਿੱਛੇ ਕੀ ਮਕਸਦ ਹੈ? ਸਾਨੂੰ ਵੱਖਰੀ ਪਛਾਣ ਕਿਵੇਂ ਹਾਸਲ ਹੋਈ ਹੈ ਅਤੇ ਇਸਨੂੰ ਕਾਇਮ ਕਿਵੇਂ ਰੱਖਿਆ ਜਾ ਸਕਦਾ ਹੈ? ਇਹੀ ਗੁਰੂ ਜੀ ਦੇ ਸਾਹਿਬਜ਼ਾਦਿਆਂ ਨੂੰ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ।

# ਗੁਰੂ ਤੇਗ ਬਹਾਦਰ ਅਤੇ ਮਨੁੱਖੀ ਅਜ਼ਾਦੀ

ਪ੍ਰੋ. ਪਿਆਰਾ ਸਿੰਘ ਪਦਮ

ਜਦੋਂ ਹਿੰਦੂ ਸੰਸਕ੍ਰਿਤੀ, ਮੁਸਲਮਾਨੀ ਹੱਲਿਆਂ ਦੀ ਮਾਰ ਨ ਸਹਾਰ ਕੇ ਜਰਵਾਣਿਆਂ ਅੱਗੇ ਚੁਫਾਲ ਡਿੱਗ ਪਈ ਤੇ ਰਾਜਸੀ ਅਤੇ ਧਾਰਮਿਕ ਸੁਤੰਤਰਤਾ ਗੁਆ ਬੈਠੀ ਤਾਂ ਉਸ ਸਮੇਂ ਗੁਰੂ ਨਾਨਕ ਸਾਹਿਬ ਨੇ 'ਨਾਮ ਦੀ ਚੜ੍ਹਦੀ ਕਲਾ ਤੇ 'ਸਰਬੱਤ ਦੇ ਭਲੇ' ਦਾ ਨਾਅਰਾ ਦੇ ਕੇ ਮਨੁੱਖੀ ਚੇਤਨਾ ਨੂੰ ਜਗਾਇਆ। ਇਸ ਮੌਕੇ ਭਾਰਤ-ਵਾਸੀ ਭੈਭੀਤ ਸਨ ਤੇ ਉਹ ਆਪਣਾ ਸ੍ਵੈਮਾਨ ਤੇ ਸੁਤੰਤਰਤਾ ਦੋਵੇਂ ਗੁਆ ਬੈਠੇ ਸਨ। ਉਨ੍ਹਾਂ ਦੀ ਧਾਰਮਿਕਤਾ ਨਿਰਾ ਦਿਖਾਵੇ ਮਾਤ੍ਰ ਸੀ। ਦੂਜੇ ਪਾਸੇ ਮੁਸਲਮਾਨ ਲਈ, ਗੈਰ ਮੁਸਲਿਮ ਦਾ ਸ਼ੁਭ ਚਿੰਤਕ ਹੋਣਾ ਇਕ ਤਰ੍ਹਾਂ ਧਰਮ ਈਮਾਨ ਤੋਂ ਬਾਹਰੀ ਗੱਲ ਮੰਨੀ ਜਾਂਦੀ ਸੀ। ਇਸ ਹਾਲਤ ਵਿਚ 'ਚੜ੍ਹਦੀ ਕਲਾ' ਤੇ 'ਸਰਬੱਤ ਦੇ ਭਲੇ' ਦਾ ਦਾਰੂ ਦੋਹਾਂ ਧਿਰਾਂ ਦੀ ਸਿਹਤ ਲਈ ਅਤਿ ਜ਼ਰੂਰੀ ਸੀ। ਡਾਢਾ, ਮਾੜੇ ਨੂੰ ਮਾਰਦਾ ਸੀ ਤੇ ਮਾੜਾ, ਡਾਢੇ ਤੋਂ ਮਾਰ ਖਾਂਦਾ ਸੀ; ਗੁਰੂ ਸਾਹਿਬ ਨੂੰ ਇਹ ਦੋਵੇਂ ਗੱਲਾਂ ਨਾ-ਪਸੰਦ ਸਨ। ਉਹ ਚਾਹੁੰਦੇ ਸਨ ਕਿ ਤਾਕਤਵਰ, ਤਾਕਤਵਰ ਨਾਲ ਜੁਝੇ; ਜੇ ਪਾੜ-ਖਾਣੇ ਬਘਿਆੜ ਗਊਆਂ ਉੱਤੇ ਟੁੱਟ ਪੈਣ ਤੇ ਹੱਤਿਆ ਕਰਨ ਤਾਂ ਇਹ ਕੋਈ ਨਿਆਂ ਨਹੀਂ। ਬਰਾਬਰ ਦੀ ਟੱਕਰ ਹੋਵੇ ਤਾਂ ਇਹ ਕੋਈ ਹਰਜੇ ਵਾਲੀ ਗੱਲ ਨਹੀਂ, ਆਖ਼ਰ ਜ਼ਿੰਦਗੀ ਇਕ ਸੰਗ੍ਰਾਮ ਹੈ। ਸ਼ਕਤੀਵਾਨ, ਸ਼ਕਤੀਵਾਨ ਨਾਲ ਟੱਕਰੇ ਤਾਂ ਕੋਈ ਗ਼ਿਲਾ ਨਹੀਂ:



**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥** (ਪੰਨਾ ੩੬੦)

ਇਥੇ ਜਰਵਾਣਿਆਂ ਨੇ ਭਾਰਤ ਦੀ ਧਾਰਮਕ ਮਾਨਤਾ, ਬੋਲ ਬਾਣੀ, ਪਹਿਰਾਵਾ, ਖਾਣ-ਪੀਣ ਤੇ ਰਹਿਣ-ਸਹਿਣ ਸੱਭੋ ਮਲੀਆਮੇਟ ਕਰ ਛੱਡਿਆ ਸੀ ਤੇ ਇਹ ਲੋਕ ਸਭ ਪਾਸਿਓਂ ਬੇਪਤ ਸਨ। ਖਾਸ ਕਰਕੇ ਮੁਗਲ ਜ਼ਮਾਨੇ ਵਿਚ ਹਾਲਤ ਤਰਸਯੋਗ ਹੋ ਗਈ ਸੀ।

ਭਗਤੀ ਲਹਿਰ ਦੇ ਸੰਤਾਂ ਨਾਲੋਂ ਗੁਰੂ ਨਾਨਕ ਸਾਹਿਬ ਦੀ ਇਹੋ ਵਿਸ਼ੇਸ਼ਤਾ ਸੀ ਕਿ ਉਨ੍ਹਾਂ ਨੂੰ ਇਹ ਸਭ ਕੁਝ ਚੁੱਭਦਾ ਸੀ। ਉਹ ਬ੍ਰਹਮ ਗਿਆਨੀ ਹੋਣ ਦੇ ਬਾਵਜੂਦ ਸ੍ਵੈਮਾਨੀ ਸਨ ਤੇ ਹਿੰਦ ਦਾ ਕੌਮੀ ਸ੍ਵੈਮਾਨ ਨਸ਼ਟ ਹੁੰਦਾ ਦੇਖ ਕੇ ਸਹਿ ਨਹੀਂ ਸੀ ਸਕਦੇ:

**ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥**
(ਪੰਨਾ ੧੪੨)

**ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥**
**ਦੇਵਲ ਦੇਵਤਿਆਂ ਕਰੁ ਲਾਗਾ ਐਸੀ ਕੀਰਤਿ ਚਾਲੀ॥...**
**ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥** (ਪੰਨਾ ੧੧੯੧)
**ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥**
(ਪੰਨਾ ੪੭੦)

**ਅਭਾਖਿਆ ਕਾ ਕੁਠਾ ਬਕਰਾ ਖਾਣਾ॥**
**ਚਉਕੇ ਉਪਰਿ ਕਿਸੈ ਨ ਜਾਣਾ॥**
(ਪੰਨਾ ੪੭੨)

ਗੁਲਾਮੀ ਦੇ ਇਹ ਕਾਰੀ ਜ਼ਖ਼ਮ ਇਕ ਦਿਨ ਵਿਚ ਰਾਜ਼ੀ ਨਹੀਂ ਸੀ ਹੋ ਸਕਦੇ। ਇਸ ਕਰਕੇ ਗੁਰੂ ਨਾਨਕ ਸਾਹਿਬ ਨੇ ਸਿੱਖ ਲਹਿਰ ਨੂੰ ਯੋਜਨਾਬੱਧ ਕਰਨ ਲਈ ਗੁਰਗੱਦੀਨੂੰ ਦ ਸਿ ਵਅਕਤੀਆਂਤ ਕ ਚਲਾਇਆ; ਥਾਂ-ਥਾਂ 'ਸੰਗਤਾਂ' ਕਾਇਮ ਕੀਤੀਆਂ; ਧਰਮਸ਼ਾਲਵਾਂ ਥਾਪੀਆਂ ਤਾਂ ਕਿ ਨੇਕੀ ਦੀ ਸ਼ਕਤੀ ਸੰਗਠਿਤ ਹੋ ਕੇ ਬਦੀ ਨਾਲ ਟੱਕਰ ਲੈ ਸਕੇ। ਸਿੱਖਾਂ ਨੂੰ ਉਨ੍ਹਾਂ ਸਾਵਧਾਨ ਵੀ ਕਰ ਦਿੱਤਾ ਕਿ ਇਹ ਮਾਲਾ ਫੜ ਕੇ ਜਾਂ ਏਕਾਂਤਵਾਸ ਲੈ ਕੇ ਦਿਨ-ਕਟੀ ਕਰਨ ਦਾ ਸਮਾਂ ਨਹੀਂ, ਸਗੋਂ ਸਿਰ ਤਲੀ 'ਤੇ ਰੱਖ ਕੇ ਚੱਲਣ ਦਾ ਵੇਲਾ ਹੈ:

**ਜਉ ਤਉ ਪ੍ਰੇਮ ਖੇਲਣ ਕਾ ਚਾਉ।**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥**
(ਪੰਨਾ ੧੪੧੨)

ਇਸ ਜਬਰ-ਜ਼ੁਲਮ ਦੇ ਖਿਲਾਫ ਕਈ ਵਿਰੋਧ ਉਠੇ ਪਰ ਇਹ ਸਭ ਵਿਅਕਤੀਗਤ ਕਿਸਮਤ ਦੇ ਸਨ। ਮੁਗਲਾਂ ਨੇ ਰਾਜਪੂਤਾਂ ਦਾ ਰਾਜ ਹੀ ਨਹੀਂ ਖੋਹਿਆ ਸਗੋਂ ਉਨ੍ਹਾਂ ਦੀਆਂ ਧੀਆਂ ਦੇ ਡੋਲੇ ਮਹੱਲਾਂ ਵਿਚ ਲਿਆ ਕੇ ਉਨ੍ਹਾਂ ਦੀ ਸਮਾਜਿਕ ਸ਼ਾਨ ਨੂੰ ਵੀ ਦਾਗੀ ਕੀਤਾ। ਇਸ ਵਿਰੁੱਧ ਕੁਝ ਹੱਦ ਤੱਕ ਰਾਣਾ ਪ੍ਰਤਾਪ ਨੇ ਬਗਾਵਤ ਕੀਤੀ; ਸ਼ਿਵਾ ਜੀ ਨੇ ਮਰਾਠਿਆਂ ਨੂੰ ਤਿਆਰ ਕੀਤਾ; ਗੋਕਲ ਨੇ ਜਾਟਾਂ ਤੇ ਖੁਸ਼ਹਾਲ ਖਾਂ ਖ਼ਟਕ ਨੇ ਪਠਾਣਾਂ ਨੂੰ ਲੜਾਇਆ। ਇਹ ਸਮੇਂ-ਸਮੇਂ ਦੀਆਂ ਲਾਟਾਂ ਸਨ ਲੇਕਿਨ ਗੁਰੂਆਂ ਨੇ ਪੰਜਾਬ ਵਿਚ ਜਥੇਬੰਦ

ਯਤਨਾਂ ਦੁਆਰਾ ਜੁਆਲਾਮੁਖੀ ਜਗਾ ਕੇ ਇਸ ਆਜ਼ਾਦੀ ਦੀ ਲਹਿਰ ਨੂੰ ਬਾਕਾਇਦਾ ਚਲਾਇਆ।

ਗੁਰੂ ਨਾਨਕ ਸਾਹਿਬ ਨੇ ਉਮਰ ਭਰ ਸਾਰੇ ਹਿੰਦ ਵਿਚ ਫਿਰ ਕੇ ਰੱਤ-ਪੀਣੇ ਕਸਾਈ ਰਾਜਿਆਂ ਦੀ ਰੱਜ ਕੇ ਨਿਖੇਧੀ ਕੀਤੀ, ਤੇ ਪਰਾਇਆ ਹੱਕ ਖਾਣ ਵਾਲਿਆਂ ਨੂੰ ਨਿੰਦਿਆ। ਆਪ ਨੇ ਅੰਧੀ ਰੱਯਤ ਨੂੰ ਨਿਰਭੈਤਾ ਦਾ ਜੀਵਨ ਬਸਰ ਕਰਨ ਦੀ ਜਾਚ ਦੱਸੀ ਕਿ ਰਾਜਸੀ ਭੈ ਇਕ ਹਊਆ ਹੀ ਹੈ, ਮਨ ਤਕੜਾ ਹੋਵੇ ਤਾਂ ਇਹ ਡਰ ਦਾ ਤਾਪ ਉਤਾਰਿਆ ਜਾ ਸਕਦਾ ਹੈ, ਨਿਰਭੈਤਾ ਹੀ ਆਜ਼ਾਦ ਜੀਵਨ ਦਾ ਮੁੱਖ ਲੱਛਣ ਹੈ :

**ਡਰੀਐ ਜੇ ਡਰੁ ਹੋਵੈ ਹੋਰੁ॥**
**ਡਰਿ ਡਰਿ ਡਰਣਾ ਮਨ ਕਾ ਸੋਰੁ॥**

(ਪੰਨਾ ੧੫੧)

**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥**

(ਪੰਨਾ ੪੭੩)

ਗੁਰੂ ਅੰਗਦ ਸਾਹਿਬ ਨੇ ਲੋਕਾਂ ਵਿਚ ਦੇਸ਼ ਦੀ ਲਿਪੀ ਤੇ ਬੋਲੀ ਬਾਰੇ ਸ੍ਵੈਮਾਨ ਜਗਾਇਆ ਤੇ ਗੁਰੂ ਅਮਰਦਾਸ ਸਾਹਿਬ ਨੇ ਸਾਂਝਾ ਲੰਗਰ ਲਾ ਕੇ ਸਾਂਝੀ ਪੰਗਤ ਬਿਠਾ ਕੇ ਜਾਤ-ਪਾਤ ਦਾ ਵਹਿਮ ਤੋੜਿਆ ਤੇ ਮਨੁੱਖੀ ਏਕਤਾ ਦਾ ਸਬਕ ਦ੍ਰਿੜ੍ਹਾਇਆ। ਗੁਰੂ ਰਾਮਦਾਸ ਜੀ ਨੇ ਕਿਰਤੀ ਗਰੀਬ ਸਿੱਖਾਂ ਦੀ ਨਵੀਂ ਬਸਤੀ 'ਗੁਰੂ ਦਾ ਚੱਕ' ਵਸਾ ਕੇ ਇਸ ਏਕਤਾ ਨੂੰ ਹੋਰ ਮਜ਼ਬੂਤ ਕੀਤਾ ਤੇ ਸਿੱਖਾਂ ਵਿਚ ਨਿਰਭੈਤਾ ਦੀ ਭਾਵਨਾ ਜਗਾਈ :

**ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ**
**ਤਿਨ ਤੂਟੀ ਜਮ ਕੀ ਫਾਸੀ॥**
**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ**
**ਤਿਨ ਕਾ ਭਉ ਸਭੁ ਗਵਾਸੀ॥**

(ਪੰਨਾ ੧੧)

**ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ**
**ਤਿਨਿ ਜਨਿ ਸਭਿ ਡਰ ਸਟਿ ਘਤੇ ਰਾਮ॥**

(ਪੰਨਾ ੫੪੦)

ਗੁਰੂ ਅਰਜਨ ਸਾਹਿਬ ਨੇ ਸਾਂਝਾ ਧਰਮ ਅਸਥਾਨ ਹਰਿਮੰਦਰ ਤੇ ਸਾਂਝਾ ਧਰਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਬਣਾ ਕੇ ਇਸ ਲਹਿਰ ਨੂੰ ਇਕ ਸੁਤੰਤਰ ਧਰਮ ਦਾ ਰੂਪ ਦਿੱਤਾ ਤੇ ਥਾਂ-ਥਾਂ ਤੋਂ ਇਹ ਧੁਨ ਸੁਣਾਈ ਦੇਣ ਲੱਗੀ :

**ਨਾ ਹਮ ਹਿੰਦੂ ਨ ਮੁਸਲਮਾਨ॥**
**ਅਲਹ ਰਾਮ ਕੇ ਪਿੰਡੁ ਪਰਾਨ॥**

(ਪੰਨਾ ੧੧੩੬)

**ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥**
**ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥**

(ਪੰਨਾ ੧੦੯੬)

ਹੁਣ ਸਿੱਖੀ ਦਾ ਜਲਵਾ ਸਾਫ ਦਿੱਸਣ ਲੱਗ ਪਿਆ ਸੀ ਤੇ ਰਾਜ-ਸੱਤਾ ਦੇ ਮਾਲਕ ਜਰਵਾਣੇ ਤੇ ਮਜ਼ਬੀ ਆਗੂ ਦੋਵੇਂ ਤਿਲਮਿਲਾ ਰਹੇ ਸਨ। 'ਤੋਜ਼ਕਿ ਜਹਾਂਗੀਰੀ' ਵਿੱਚ ਬਾਦਸ਼ਾਹ ਜਹਾਂਗੀਰ ਦੇ ਇਹ ਲਫਜ਼ ਧਿਆਨ ਯੋਗ ਹਨ :

'ਤਿੰਨ ਚਾਰ ਪੀੜ੍ਹੀਆਂ ਤੋਂ ਇਹ ਸਿੱਖੀ ਦੀ ਦੁਕਾਨ ਗਰਮ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਗੁਰੂ ਨੂੰ ਮੁਸਲਮਾਨੀ ਮੱਤ ਵਿਚ ਲਿਆਉਣਾ ਚਾਹੀਦਾ ਹੈ।'

*'ਅਜ ਸਿਹ ਚਹਾਰ ਪੁਸ਼ਤਿਉਂ ਈਂ ਦੁਕਾਨਿ ਰਾ ਗਰਮਮੀਦਾਸ਼ਤੰਦ ਮੁਦੱਤਹ ਬਖ਼ਾਤਰ ਮੀਗੁਜ਼ਸ਼ਤ ਕਿ ਈਂ ਦੁਕਾਨਿ ਬਾਤਲ ਰਾ ਬਰਤਰਫ਼ ਬਾਯਦ ਸਾਖ਼ਤ, ਊਰਾ ਦਰ ਜਰਗਾਇ ਅਹਲਿ ਇਸਲਾਮ ਦਰ ਬਾਯਦ ਆਵੁਰਦ।' (ਤੋਜ਼ਕਿ ਜਹਾਂਗੀਰੀ)*

ਇਤਿਹਾਸ ਦੇ ਪਾਠਕ ਇਹ ਜਾਣਦੇ ਹੀ ਹਨ ਕਿ ਕਿਸ ਤਰ੍ਹਾਂ ਇਸ ਮਜ਼ਬੀ ਜਨੂੰਨ ਵਿਚ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇ ਕੇ ਮਾਰ ਮੁਕਾਉਣ ਦਾ ਫੁਰਮਾਨ ਜਾਰੀ ਕੀਤਾ। ਦੂਜੇ ਪਾਸੇ ਸ਼ੇਖ ਅਹਿਮਦ ਸਰਹੰਦੀ (੧੫੬੧-੧੬੨੪) ਜੋ ਆਪਣੇ ਆਪ ਨੂੰ ਮੁਜੱਦਦ ਅਲਫਸਾਨੀ ਕਹਾਉਂਦਾ ਸੀ ਤੇ ਅਕਬਰ ਬਾਦਸ਼ਾਹ ਵੱਲੋਂ ਸਾਂਝ ਤੇ ਰਵਾਦਾਰੀ ਦੀ ਲਹਿਰ ਨੂੰ ਕੱਟ ਕੇ ਨਿਰੋਲ ਮੁਸਲਮ ਤੁਅੱਸਬ ਨੂੰ ਗਰਮਾਉਂਦਾ ਸੀ, ਇਸ ਕੱਟੜ ਫਿਰਕਾਪ੍ਰਸਤੀ ਨੇ ਰਾਜ-ਸੱਤਾ ਦੀ ਸ਼ਕਤੀ ਨਾਲ ਇਸਲਾਮ ਦੀ ਜਵਾਲਾ ਪ੍ਰਚੰਡ ਕਰਨ ਲਈ ਪੂਰੇ ਯਤਨ ਕੀਤੇ। ਉਹ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਉਪਰੰਤ ਸ਼ੇਖ ਫਰੀਦ ਬੁਖਾਰੀ ਨੂੰ ਖ਼ਤ ਲਿਖਦਾ ਹੋਇਆ ਕਹਿੰਦਾ ਹੈ-

'ਇਸ ਸਮੇਂ ਗੋਇੰਦਵਾਲ ਵਾਲੇ ਲਾਨਤੀ ਕਾਫਰ ਦਾ ਮਾਰਿਆ ਜਾਣਾ ਇਕ ਅੱਛੀ ਘਟਨਾ ਹੈ ਤੇ ਮਰਦੂਦ ਹਿੰਦੂਆਂ ਦੀ ਲੱਕ ਤੋੜਵੀਂ ਹਾਰ ਦਾ ਕਾਰਣ ਹੈ। ਇਸ ਕਤਲ ਪਿੱਛੇ ਨੀਅਤ ਜਾਂ ਗਰਜ਼ ਕੁਝ ਵੀ ਹੋਵੇ, ਕਾਫਰਾਂ ਦੀ ਬਰਬਾਦੀ ਹੀ ਇਸਲਾਮ ਲਈ ਨਿਆਮਤ ਹੈ।' 'ਦਰੀਂ ਵਕਤ ਕੁਸ਼ਤਨਿ ਕਾਫਰਿ ਲਈਨਿ ਗੋਇੰਦਵਾਲ, ਬਿਸਯਾਰ ਖ਼ੂਬ ਵਾਕਯਾ ਸੂਦ, ਬਾਇਸਿ ਸ਼ਿਕਸਤਿ ਅਜ਼ੀਮ ਬਰ ਹਨੂਦਿ ਮਰਦੂਦ ਗਸ਼ਤ। ਬਹਰ ਨਿਯਤ ਕਿ ਕੁਸ਼ਤਾ ਬਾਸ਼ੰਦ ਵ ਬਹਰ ਗਰਜ਼ ਕਿ ਹਲਾਕ ਕਰਦਾ, ਖਾਚੀਏ ਕੁੱਫਾਰ ਨਕਦਿ ਅਹਲਿ ਇਸਲਾਮ ਅਸਤ।'

(ਮਕਤੂਬਾਤਿ ਇਮਾਮ ਰੱਬਾਨੀ, ਭਾਗ ਤੀਜਾ, ਖ਼ਤ ਨੰਬਰ ੧੯੩ ਸੰਪਾਦਕ- ਨੂਰ ਅਹਿਮਦ)

ਇਹ ਸੀ ਮੁਸਲਮਾਨੀ ਬਾਦਸ਼ਾਹ ਤੇ ਮੁਸਲਮਾਨੀ ਸ਼ੇਖ ਜਮਾਤ ਦਾ ਨਜ਼ਰੀਆ। ਸਟੇਟ ਤੇ ਚਰਚ ਦੋਵੇਂ ਸਿੱਖ ਲਹਿਰ ਤੋਂ ਔਖੇ ਸਨ। ਜਦੋਂ ਸੋਲ੍ਹਵੀਂ ਸਦੀ ਦੇ ਆਰੰਭ ਨਾਲ ਸਿੱਖੀ ਇਉਂ ਦੁਸ਼ਮਨਾਂ ਦੇ ਸੀਨਿਆਂ ਵਿਚ ਰੜਕਣ ਲੱਗ ਪਈ ਤਾਂ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਸ ਦਾ ਭਾਵ ਇਹ ਸੀ ਕਿ ਅਸੀਂ ਪੀਰੀ-ਧਰਮ ਨੂੰ ਤਿਆਗਿਆ ਨਹੀਂ ਸਗੋਂ ਇਸ ਦੀ ਸੁਰੱਖਿਆ ਲਈ ਨਾਲ ਮੀਰੀ-ਰਾਜਨੀਤਿਕ ਸੱਤਾ ਵੀ ਧਾਰ ਲਈ ਹੈ। ਛੱਪਰੀਆਂ ਦੀ ਥਾਂ ਛਾਉਣੀਆਂ ਬਣੀਆਂ, ਮਾਲਾਂ ਦੀ ਥਾਂ ਤੇਗਾਂ ਲਿਸ਼ਕੀਆਂ, ਸੰਤ ਸਿਪਾਹੀ ਰੋਹ ਵਿਚ ਆਏ, ਨਿੱਕੇ-ਮੋਟੇ ਜੰਗ ਹੋਏ ਤੇ ਸਿੱਖ ਲਹਿਰ ਨੇ ਇਕ ਨਵਾਂ ਤਜਰਬਾ ਕੀਤਾ ਕਿ ਜਬਰ ਨਾਲ ਇਉਂ ਵੀ ਸਿੱਝਿਆ ਜਾ ਸਕਦਾ ਹੈ ਅਤੇ ਧਰਮ, ਸੰਸਾਰੀ ਸ਼ਕਤੀ ਨੂੰ ਨੇਕੀ ਦੀ ਤਾਕਤ ਵਧਾਉਣ ਲਈ ਵਰਤ ਸਕਦਾ ਹੈ। ਗੁਰੂ ਹਰਿ ਰਾਇ ਸਾਹਿਬ ਦਾਰਾ ਸ਼ਿਕੋਹ ਵਰਗੇ ਸ਼ਾਂਤੀ-ਪਸੰਦ ਤੇ ਨਿਰਪੱਖ ਨੀਤੀਵਾਨ ਦੇ ਮੁਦੱਈ ਸਨ ਪਰ ਉਸ ਭਲੇ ਆਦਮੀ ਨੂੰ ਸ਼ੈਤਾਨ ਸਾਮ੍ਹਣੇ ਹਾਰ ਹੋ ਗਈ। ਔਰੰਗਜ਼ੇਬ ਪਿਉ ਨੂੰ ਕੈਦ ਕਰਕੇ ਭਾਈਆਂ ਨੂੰ ਕਤਲ ਕਰ ਕੇ ੧੬੫੮ ਈ. ਵਿਚ ਰਾਜ ਗੱਦੀ 'ਤੇ ਬੈਠਾ। ਗੁਰੂ ਹਰਿ ਰਾਇ ਸਾਹਿਬ ਤੇ ਗੁਰੂ ਹਰਿ ਕ੍ਰਿਸ਼ਨ ਸਮੇਂ ਸਿੱਖ ਲਹਿਰ ਦਾ ਇਹੋ ਰਵੱਈਆ ਰਿਹਾ ਕਿ ਜਾਬਰ ਜਰਵਾਣੇ ਦੇ ਮੱਥੇ ਨਹੀਂ ਲੱਗਣਾ, ਨਾ ਮਿਲਵਰਤਣ ਰੱਖਣੀ ਹੈ। ਇਸ ਪ੍ਰਣ ਨੂੰ

ਪਕਿਆਈ ਨਾਲ ਨਿਭਾਇਆ ਗਿਆ। ਹੁਣ ਔਰੰਗਜ਼ੇਬ ਵਰਗਾ ਕੱਟੜ ਬਾਦਸ਼ਾਹ ਇਹ ਕਿਵੇਂ ਪਸੰਦ ਕਰ ਸਕਦਾ ਸੀ ਕਿ ਪੰਜਾਬ ਵਿੱਚ ਧਾਰਮਿਕ ਤੇ ਰਾਜਸੀ ਆਜ਼ਾਦੀ ਦੀ ਲਹਿਰ ਸਿਰ ਉਠਾਵੇ ਤੇ ਗ਼ੈਰ ਮੁਸਲਮਾਨ ਸੁਤੰਤਰ ਵਿਚਰ ਸਕਣ! ਜਿਥੇ ਸ਼ੇਖ ਅਹਿਮਦ ਸਰਹੰਦੀ ਨੇ ਜਹਾਂਗੀਰ ਦੇ ਕੰਨ ਭਰ ਕੇ ਗੁਰੂ ਅਰਜਨ ਸਾਹਿਬ ਦਾ ਖੂਨ ਲਿਆ, ਉਥੇ ਇਸੇ ਸ਼ੇਖ ਦੇ ਦੋ ਪੁੱਤਰ ਖੁਆਜਾ ਮੁਹੰਮਦ ਸੈਫਦੀਨ ਔਰੰਗਜ਼ੇਬ ਪਾਸ ਦੱਖਣ ਰਹਿੰਦਾ ਇਸ ਨੂੰ ਤੁਅੱਸਬ ਦੀ ਪੱਟੀ ਪੜ੍ਹਾਉਂਦਾ ਰਹਿੰਦਾ। ਸਿੱਟਾ ਇਹ ਹੋਇਆ ਕਿ ਔਰੰਗਾ ਆਪਣੇ ਬਾਬੇ ਦਾ ਵੀ ਪਿਉ ਨਿਕਲਿਆ ਤੇ ਇਸ ਨੇ ਮਜ਼ਬੀ ਤੁਅੱਸਬ ਦੀ ਤਲਵਾਰ ਸੂਤ ਕੇ ਗ਼ੈਰ-ਮੁਸਲਮਾਨਾਂ ਨੂੰ ਹਰ ਤਰ੍ਹਾਂ ਮਲੀਆਮੇਟ ਕਰਨਾ ਸ਼ੁਰੂ ਕਰ ਦਿੱਤਾ।

ਹਿੰਦੂਆਂ ਦੇ ਮੰਦਰ, ਪਾਠਸ਼ਾਲਾ, ਰਸਮ-ਰੀਤਿ ਤੇ ਬਾਹਰੀ ਚਿੰਨ੍ਹ ਸਭੇ ਕ੍ਰੋਪੀ ਦਾ ਸ਼ਿਕਾਰ ਸਨ। ਇਸ ਮੌਕੇ ਗੁਰੂ ਤੇਗ ਬਹਾਦਰ ਆਜ਼ਾਦੀ ਦੀ ਲਹਿਰ ਦੇ ਨੇਤਾ ਬਣੇ। ਉਨ੍ਹਾਂ ਸਾਰੇ ਹਿੰਦੁਸਤਾਨ ਵਿਚ ਇਕੋ ਹੋਕਾ ਦਿੱਤਾ ਕਿ ਜੋ ਦਬੇਲ ਬਣਦਾ ਹੈ, ਉਹ ਕਾਇਰ ਹੈ ; ਜੋ ਦੂਜੇ ਨੂੰ ਭੈਭੀਤ ਕਰਕੇ ਦਬੇਲ ਬਣਾਉਂਦਾ ਹੈ, ਉਹ ਜ਼ਾਲਮ ਹੈ। ਅਸਲ ਸੋਝੀਵਾਨ ਸਾਊ ਮਨੁੱਖ ਉਹੋ ਹੈ ਜੋ ਭੈ ਰਹਿਤ ਜੀਵਨ ਬਿਤਾਉਂਦਾ ਹੈ :

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**

**(ਪੰਨਾ ੧੪੨੭)**

ਉਨ੍ਹਾਂ ਸੁਤੰਤਰ ਮਨੁੱਖ ਦਾ ਸੰਕਲਪ ਹੀ ਇਹ ਰੱਖਿਆ ਜੋ ਦੁਖ ਸੁਖ, ਮਾਨ ਅਪਮਾਨ, ਖੁਸ਼ੀ ਗ਼ਮੀਂ, ਨਿੰਦਾ ਉਸਤਿਤ ਤੇ ਗਰੀਬੀ ਅਮੀਰੀ ਤੋਂ ਉੱਪਰ ਉਠ ਕੇ ਸਮ-ਦ੍ਰਿਸ਼ਟਾ ਬਣੇ, ਨਿਰਭੈਤਾ ਤੇ ਦ੍ਰਿੜ੍ਹਤਾ ਨਾਲ ਅਚਲ ਅਡੋਲ ਹੋ ਕੇ ਆਪਣੇ ਆਦਰਸ਼ ਵੱਲ ਵਧਦਾ ਜਾਵੇ :

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ ਰਹਾਉ॥**
**ਨਹ ਨਿੰਦਿਆ ਨਹ ਉਸਤਿਤ ਜਾ ਕੈ ਲੋਭੁ ਮੋਹੁ ਅਭਿਮਾਨਾ॥**
**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥**

**(ਪੰਨਾ ੬੩੩)**

ਇਸ ਕਿਸਮ ਦੇ ਵਿਚਾਰ ਉਨ੍ਹਾਂ ਪੰਜਾਬ ਵਿਚ ਹੀ ਨਹੀਂ ਪ੍ਰਚਾਰੇ, ਸਗੋਂ ਪੰਜਾਬ ਤੋਂ ਬਾਹਰ ਜਾ ਕੇ ਬੰਗਾਲ, ਅਸਾਮ ਤੱਕ ਵੀ ਇਹ ਨਿਰਭੈਤਾ ਤੇ ਸੁਤੰਤਰਤਾ ਦੀ ਜੀਵਨ-ਜਾਤ ਸਮਝਾਈ, ਜਿਸ ਦਾ ਡੂੰਘਾ ਅਸਰ ਪਿਆ।

ਬਾਦਸ਼ਾਹ ਬਹੁਤ ਘਬਰਾਇਆ। ਉਹ ਸਾਰੀ ਹਿੰਦ-ਵੈਣ ਨੂੰ ਇਕੇ ਚੱਕਰ ਵਿਚ ਮੁਸਲਮਾਨ ਬਣਾ ਲੈਣਾ ਚਾਹੁੰਦਾ ਸੀ। ਆਮ ਹਿੰਦੂ ਭੈਭੀਤ ਹੋ ਕੇ ਬ੍ਰਾਹਮਣਾਂ ਪਾਸ ਪਹੁੰਚੇ ਤੇ ਦੇਸ਼ ਭਰ ਦੇ ੧੬ ਮੁਖੀ ਬ੍ਰਾਹਮਣ ਇਕੱਤਰ ਹੋ ਕੇ ਅਨੰਦਪੁਰ ਗੁਰੂ ਜੀ ਦੀ ਸ਼ਰਣ ਆਏ। ਸਤਿਗੁਰਾਂ ਉਨ੍ਹਾਂ ਨੂੰ ਦ੍ਰਿੜ੍ਹਤਾ ਦਾ ਪਾਠ ਪੜ੍ਹਾਇਆ ਤੇ ਕੁਰਬਾਨੀ ਦਾ ਰਸਤਾ ਦਿਖਾਇਆ :

**ਸਾਧੋ ਇਹੁ ਤਨੁ ਮਿਥਿਆ ਜਾਨਉ॥**
**ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥**

**(ਪੰਨਾ ੧੧੮੬)**

ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਸਰਗਰਮੀ ਦੇਖ ਕੇ ਫੌਰਨ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ ਤੇ ਉਨ੍ਹਾਂ ਨੂੰ ਦਿੱਲੀ ਚਾਂਦਨੀ ਚੌਂਕ ਵਿਚ ਲਿਆ ਕੇ ਕਤਲ ਕਰ ਦਿੱਤਾ।

ਉਨ੍ਹਾਂ ਦੇ ਸਾਮ੍ਹਣੇ ਤਿੰਨ ਗੱਲਾਂ ਰੱਖੀਆਂ ਗਈਆਂ :

੧) ਜੇ ਹਿੰਦੂਆਂ ਦੇ ਪੀਰ ਹੋ, ਤਾਂ ਕਰਾਮਾਤ ਦਿਖਾਓ!

੨) ਜੇ ਇਹ ਨਹੀਂ ਕਰਨਾ ਤਾਂ ਇਸਲਾਮ ਅਪਣਾਓ !

੩) ਵਰਨਾ ਤੀਜੀ ਸਜ਼ਾ ਮੌਤ ਕਬੂਲ ਕਰੋ!


ਗੁਰੂ ਸਾਹਿਬ ਨੇ ਕਿਹਾ, ਸਾਡੇ ਮੱਤ ਵਿਚ ਰੱਬੀ ਹੁਕਮ ਦੇ ਸਨਮੁਖ ਕਰਾਮਾਤ ਦਿਖਾਉਣੀ ਕਹਿਰ ਕਮਾਉਣਾ ਹੈ।

ਇਸਲਾਮ ਵੱਲ ਆਉਣਾ ਆਪਣਾ ਈਮਾਨ ਗੁਆਉਣਾ ਹੈ। ਨਾਟਕ ਚੇਟਕ ਮਦਾਰੀਆਂ ਦਾ ਕੰਮ ਹੈ, ਮਰਦਾਂ ਦਾ ਨਹੀਂ। ਅਸੀਂ ਤਾਂ ਭਾਣੇ ਵਿਚ ਰਹਿ ਕੇ ਜੀਵਨ ਬਸਰ ਕਰਨਾ ਹੈ। ਦੂਜੇ, ਕਿਸੇ ਦੀ ਧਾਰਮਿਕ ਆਜ਼ਾਦੀ ਵਿਚ ਦਖਲਅੰਦਾਜ਼ੀਮ ਨੱਖੀਸ ਭਿਆਚਾਰਾਂ ਵਚਪ ਰਵਾਣਨ ਹੀਂਅ ਸੀਂਨ ਤਿਲਕ ਮੁਦੱਈ ਤੇ ਨ ਜੀਵ ਦੇ ਪਰ ਮਜ਼ਲੂਮ ਲੋਕਾਂ ਦੀ ਬਾਂਹ ਫੜਨਾ, ਹਮਦਰਦੀ ਕਰਨਾ ਸਾਡਾ ਪਹਿਲਾ ਫਰਜ਼ ਹੈ। ਸਰਬੱਤ ਦਾ ਭਲਾ ਸਾਡਾ ਧਰਮ ਹੈ ਤੇ ਇਸ ਧਰਮ ਲਈ ਅਸੀਂ ਕੋਈ ਵੀ ਕੁਰਬਾਨੀ ਕਰਨੋਂ ਨਹੀਂ ਹਿਚਕਾਉਂਦੇ। ਸੋ ਗੁਰੂ ਸਾਹਿਬ ਨੇ ਮੌਤ ਨੂੰ ਖੁਸ਼ੀ-ਖੁਸ਼ੀ ਪਰਵਾਣ ਕੀਤਾ ਤੇ ਆਪਣਾ ਬਲੀਦਾਨ ਦੇ ਕੇ ਈਮਾਨ ਨੂੰ ਸ਼ਕਤੀਵਾਨ ਕੀਤਾ :

**ਠੀਕਰ ਫੋਰਿ ਦਿਲੀਸ ਸਿਰ, ਪ੍ਰਭੁ ਪੁਰਿ ਕੀਆ ਪਿਆਨ॥**
**ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ॥**
**ਤੇਗ ਬਹਾਦਰ ਕੇ ਚਲਤ, ਭਯੋ ਜਗਤ ਮਹਿ ਸ਼ੋਕ॥**
**ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥**


**(ਬਚਿਤ੍ਰ ਨਾਟਕ ਪਾ : ੧੦)**

ਇਹ ਗੱਲ ਸੱਚ ਹੈ ਕਿ ਸਤਿਗੁਰਾਂ ਦਾ ਸ਼ਹੀਦੀ ਕਾਰਨਾਮਾ, ਅਦੁੱਤੀ ਹੈਸੀਅਤ ਰੱਖਦਾ ਸੀ। ਆਖਰ ਆਪ ਨੂੰ ਧਰਮ ਦੇ ਪੜਦੇ ਕੱਜਣ ਵਾਲਾ ਤੇ ਹਿੰਦ ਦੀ ਲੱਜ ਰੱਖਣ ਵਾਲਾ ਅਰਥਾਤ ਧਰਮ ਦੀ ਚਾਦਰ ਜਾਂ ਹਿੰਦ ਦੀ ਚਾਦਰ ਕਹਿ ਕੇ ਸਤਿਕਾਰਿਆ ਗਿਆ। ਇਹ ਸਮੁੱਚੇ ਦੇਸ਼ਦੀ ਸ਼ਰਧਾਂਜਲੀ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਜਬਰ ਤੇ ਅਨਿਆਂ ਵਿਰੁੱਧ ਬਗਾਵਤ ਦਾ ਝੰਡਾ ਖੜ੍ਹਾ ਕਰਕੇ ਮਨੁੱਖੀ ਅਜ਼ਾਦੀ ਦੀ ਲਹਿਰ ਨੂੰ ਸਿਖਰ 'ਤੇ ਪਹੁੰਚਾ ਦਿੱਤਾ।



# ਅਮਰ ਸ਼ਹੀਦ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ

**ਗਿਆਨੀ ਸੋਹਣ ਸਿੰਘ ਸ਼ੀਤਲ**



**ਪਰਵਾਰ ਨਾਲੋਂ ਵਿਛੋੜਾ** - ਉਹ ਕਹਿਰ ਦੀ ਰਾਤ ਸੀ, ਜਦ ਸਿੱਖਾਂ ਨੇ ਸਰਸਾ ਨਦੀ ਪਾਰ ਕੀਤੀ। ਗੁਰਦੇਵ ਦਾ ਸਾਰਾ ਪਰਵਾਰ ਖੇਰੂੰ-ਖੇਰੂੰ ਹੋ ਗਿਆ। ਮਹਾਰਾਜ ਦੇ ਦੋਵੇਂ ਮਹਿਲ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਨੂੰ ਚਲੇ ਗਏ। ਮਾਤਾ ਗੁਜਰੀ ਜੀ ਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਕੀ ਸਾਰੇ ਸਾਥ ਨਾਲੋਂ ਵਿਛੜ ਗਏ। ਉਹਨਾਂ ਨਾਲ ਇਕੋ ਗੰਗਾ ਰਾਮ ਬ੍ਰਾਹਮਣ ਰਹਿ ਗਿਆ ਸੀ। ਸਿੱਖ ਘਿਰਣਾ ਨਾਲ ਉਹਨੂੰ 'ਗੰਗੂ' ਕਹਿ ਕੇ ਬੁਲਾਉਂਦੇ ਹਨ।

**ਗੰਗੂ ਦੇ ਘਰ ਪੁੱਜੇ** - ਮਾਤਾ ਜੀ ਮਾੜੇ ਜੇਹੇ ਘੋੜੇ 'ਤੇ ਅਸਵਾਰ ਸਨ। ਛੋਟਾ ਪੋਤਰਾ ਉਹਨਾਂ ਦੇ ਅੱਗੇ ਤੇ ਵੱਡਾ ਪਿੱਛੇ ਬੈਠਾ ਸੀ। ਸਾਥ ਤੋਂ ਵਿਛੜ ਕੇ ਉਹ ਬੜੇ ਉਦਾਸ ਸਨ। ਮਾਤਾ ਜੀ ਦੇ ਪਾਸ ਮੋਹਰਾਂ ਦੀ ਭਰੀ ਖੁਰਜੀ ਵੇਖ ਕੇ ਗੰਗੂ ਦਾ ਦਿਲ ਲਲਚਾ ਗਿਆ। ਉਹ ਮਾਤਾ ਜੀ ਨੂੰ ਆਪਣੇ ਘਰ, ਪਿੰਡ 'ਖੇੜੀ' ਲੈ ਗਿਆ। ਉਸ ਸਮੇਂ ਤਕ ਸੱਤ ਪੋਹ ਦਾ ਸੂਰਜ ਛਿਪ ਚੁੱਕਾ ਸੀ। ਗੰਗੂ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਭੋਜਨ ਛਕਾਇਆ ਤੇ ਘਰ ਦੇ ਪਿਛਲੇ ਕਮਰੇ ਵਿਚ ਆਰਾਮ ਕਰਨ ਵਾਸਤੇ ਥਾਂ ਦਿੱਤੀ। ਗ਼ਮਾਂ ਦੇ ਮਾਰਿਆਂ ਨੂੰ ਨੀਂਦ ਕਿੱਥੇ! ਦੋਹਾਂ ਪੋਤਰਿਆਂ ਨੂੰ ਛਾਤੀ ਨਾਲ ਲਾ ਕੇ ਮਾਤਾ ਜੀ ਅੱਧੀ ਰਾਤ ਤਕ ਗਿਣਤੀਆਂ ਵਿਚ ਪਏ ਜਾਗਦੇ ਰਹੇ। ਕਹਿੰਦੇ ਹਨ, ਨੀਂਦ ਸੂਲੀ 'ਤੇ ਵੀ ਆ ਜਾਂਦੀ ਹੈ। ਢਲੀ ਰਾਤ ਪਲ ਕੁ ਮਾਤਾ ਜੀ ਦੀ ਅੱਖ ਲੱਗ ਗਈ। ਏਨੇ ਸਮੇਂ ਤੋਂ ਲਾਭ ਉਠਾ ਕੇ ਗੰਗੂ ਨੇ ਮਾਤਾ ਜੀ ਦੇ ਸਰ੍ਹਾਣਿਓਂ ਮੋਹਰਾਂ ਵਾਲੀ ਖੁਰਜੀ ਚੁੱਕ ਲਈ। ਦਿਨ ਚੜ੍ਹੇ ਮੰਜੇ ਹੇਠਾਂ ਖੁਰਜੀ ਨਾ ਪਈ ਵੇਖ ਕੇ ਮਾਤਾ ਜੀ ਨੇ ਬੜੀ ਨਰਮ ਬੋਲੀ ਵਿਚ ਪੁੱਛਿਆ, "ਬੇਟਾ ਗੰਗਾ ਰਾਮ! ਸਗੋਂ ਖੁਰਜੀ ਚੁੱਕ ਕੇ ਕਿਸੇ ਹੋਰ ਥਾਂ ਸੰਭਾਲ ਦਿੱਤੀ ਊ?"

ਏਨੀ ਸਾਧਾਰਨ ਪੁੱਛ ਉਤੇ ਹੀ ਗੰਗੂ ਭੜਕ ਉਠਿਆ। ਉਹਨੇ ਕ੍ਰੋਧ ਨਾਲ ਅੱਖਾਂ ਲਾਲ ਕਰਕੇ ਕਿਹੈ, "ਵਾਹ ਮਾਤਾ ਜੀ! ਚੰਗਾ ਦਿੱਤਾ ਜੇ ਨੇਕੀ ਦਾ ਫਲ! ਮੈਂ ਸਰਕਾਰ ਦੇ ਬਾਗੀਆਂ ਨੂੰ ਘਰ ਆਸਰਾ ਦਿੱਤਾ, ਤੇ ਉਲਟਾ ਮੈਨੂੰ ਚੋਰ ਕਹਿੰਦੇ ਹੋ? ਪਿੰਡ ਦੇ ਚੌਧਰੀ ਨੂੰ ਪਤਾ ਲੱਗ ਜਾਏ, ਤਾਂ ਮੈਂ ਕਿਤੇ ਭਾਲਿਆ ਨਾ ਲੱਭਾਂ। ਮੈਂ ਜਾਨ ਦਾ ਖ਼ਤਰਾ ਸਹੇੜ ਕੇ ਤੁਹਾਡੀ ਰੱਖਿਆ ਕੀਤੀ, ਤੇ ਤੁਸਾਂ ਮੈਨੂੰ ਹੀ ਚੋਰ ਬਣਾਇਆ। ਏਸ ਨਾਲੋਂ ਤਾਂ ਚੰਗਾ ਹੈ, ਕਿ ਮੈਂ ਸਾਰੀ ਗੱਲ ਚੌਧਰੀ ਨੂੰ ਜਾ ਦੱਸਾਂ।"

ਗੰਗੂ ਦੀ ਇਹ ਧਮਕੀ ਸੁਣ ਕੇ ਮਾਤਾ ਜੀ ਨੇ ਪਹਿਲਾਂ ਨਾਲੋਂ ਵੀ ਨਰਮ ਸੁਰ ਵਿਚ ਕਿਹਾ, "ਪੁੱਤ! ਤੈਨੂੰ ਕਿਉਂ ਚੋਰ ਬਨਾਉਣਾ ਸੀ ਮੈਂ? ਮੈਂ ਤੈਨੂੰ ਪੁੱਤਰਾਂ ਵਾਂਗ ਪਾਲਿਆ ਏ। ਮੈਂ ਤਾਂ ਕਿਹਾ ਏ, ਸਗੋਂ ਚੰਗਾ ਕੀਤਾ ਈ, ਚਾਰ ਪੈਸੇ ਕਿਤੇ ਚੰਗੇ ਥਾਂ ਸੰਭਾਲ ਲਏ ਈ। ਭਲਾ ਤੇਰਾ ਤੇ ਸਾਡਾ ਕੁਝ ਵੰਡਿਆ ਹੋਇਆ ਏ?"

"ਬੱਸ, ਰਹਿਣ ਦਿਹੋ ਮਾਤਾ ਜੀ! ਮੈਂ ਇਹਨਾਂ ਗੱਲਾਂ ਵਿਚ ਆਉਣ ਵਾਲਾ ਨਹੀਂ। ਤੁਸਾਂ ਪਹਿਲਾਂ ਮੈਨੂੰ ਚੋਰ ਬਣਾਇਆ ਤੇ ਹੁਣ ਏਸ ਤਰ੍ਹਾਂ ਦੀਆਂ ਮਿੱਠੀਆਂ-ਮਿੱਠੀਆਂ ਕਰਕੇ ਮੈਥੋਂ ਚੋਰੀ ਦਾ ਇਕਬਾਲ ਕਰਾਉਣਾ ਚਾਹੁੰਦੇ ਓ! ਤੁਹਾਡੇ ਵੱਲੋਂ ਜੋ ਇਨਾਮ ਮਿਲਣਾ ਸੀ, ਮਿਲਣਾ ਸੀ, ਮਿਲ ਗਿਆ। ਹੁਣ ਮੈਂ ਆਪਣੀ ਜਾਨ ਕਿਉਂ ਖਤਰੇ ਵਿਚ ਪਾਵਾਂ! ਮੈਂ ਹੁਣੇ ਜਾ ਕੇ ਚੌਧਰੀ ਨੂੰ ਦੱਸ ਦੇਂਦਾ ਹਾਂ।" ਬੁੜਬੁੜ ਕਰਦਾ ਗੰਗੂ ਘਰੋਂ ਬਾਹਰ ਨਿਕਲ ਤੁਰਿਆ।

**ਗੰਗੂ ਨੇ ਸਾਹਿਬਜ਼ਾਦੇ ਫੜਾ ਦਿੱਤੇ** - ਮਾਤਾ ਜੀ ਬਥੇਰਾ ਰੋਕ ਰਹੇ, ਪਰ ਮਾਰੀ-ਮੱਤ ਵਾਲਾ ਗੰਗੂ ਮੁੜਿਆ ਨਾ। ਉਸ ਨੇ ਪਿੰਡ ਦੇ ਚੌਧਰੀ ਨੂੰ ਮਾਤਾ ਜੀ ਦੀ ਖ਼ਬਰ ਜਾ ਦਿੱਤੀ। ਚੌਧਰੀ ਓਸ ਵੇਲੇ ਆਪਣੇ ਆਦਮੀ ਲੈ ਕੇ ਆ ਗਿਆ। ਮਾਤਾ ਜੀ ਨੂੰ ਵੇਖ ਕੇ ਚੌਧਰੀ ਨੇ ਆਪਣੇ ਆਦਮੀ ਪਹਿਰੇ 'ਤੇ ਬਿਠਾ ਦਿੱਤੇ। ਚੌਧਰੀ ਤੇ ਗੰਗੂ-ਦੋਵੇਂ ਮੁਰੰਡੇ ਜਾ ਪਹੁੰਚੇ। ਖੇੜੀ ਤੋਂ ਦੋ ਕੁ ਮੀਲ ਹੈ ਮੁਰੰਡਾ। ਮੁਰੰਡੇ ਦੇ ਹਾਕਮ (ਜਾਨੀ ਖ਼ਾਂ ਤੇ ਮਾਨੀ ਖ਼ਾਂ) ਓਸ ਵੇਲੇ ਸਿਪਾਹੀ ਲੈ ਕੇ ਖੇੜੀ ਜਾ ਪਹੁੰਚੇ। ਮਾਤਾ ਜੀ ਨੇ ਵੇਖ ਕੇ ਗੁੱਸੇ ਨਾਲ ਕਿਹਾ, "ਗੰਗਿਆ! ਜਿਸ ਧਨ ਦੇ ਲੋਭ ਪਿੱਛੇ ਇਹ ਪਾਪ ਕੀਤਾ ਈ, ਕੀ ਉਹ ਤੈਨੂੰ ਪਾਰ ਲੰਘਾ ਦੇਵੇਗਾ? ਤੇਰੀ ਮਰਜ਼ੀ।"

ਜਾਨੀ ਖ਼ਾਂ ਤੇ ਮਾਨੀ ਖਾਂ ਨੇ ਸ਼ੱਕੀ ਨਜ਼ਰ ਨਾਲ ਗੰਗੂ ਵੱਲ ਵੇਖਿਆ। ਡਰ ਦਾ ਮਾਰਿਆ ਗੰਗੂ ਪੈਰਾਂ ਤਕ ਕੰਬ ਉਠਿਆ। ਆਪਣੇ ਪਾਪ ਨੂੰ ਲੁਕਾਉਣ ਦਾ ਯਤਨ ਕਰਦਿਆਂ ਉਹਨੇ ਗੁੱਸੇ ਨਾਲ ਭੜਕ ਕੇ ਕਿਹਾ, "ਮਾਤਾ ਜੀ! ਤੁਹਾਡੇ ਦੋਸ਼ ਲਾਇਆਂ ਮੈਂ ਚੋਰ ਨਹੀਂ ਬਣ ਚੱਲਿਆ। ਮੈਂ ਸਰਕਾਰ ਦਾ ਵਫ਼ਾਦਾਰ ਹਾਂ। ਸੋ ਤੁਸਾਂ ਤਾਂ ਮੈਨੂੰ ਬੁਰਾ ਕਹਿਣਾ ਹੀ ਹੋਇਆ।"

ਧਨ ਵਾਲੀ ਗੱਲ ਏਥੇ ਹੀ ਦੱਬੀ ਗਈ। ਜਾਨੀ ਖ਼ਾਂ, ਮਾਨੀ ਖ਼ਾਂ ਸਨ ਕਿ ਗੁਰੂ ਦੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਨ ਬਦਲੇ ਸਰਕਾਰ ਵੱਲੋਂ ਉਹਨਾਂ ਨੂੰ ਚੋਖੀ ਨੇਕਨਾਮੀ ਮਿਲੇਗੀ। ਉਹਨਾਂ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਮੁਰੰਡੇ ਜਾ ਨਜ਼ਰਬੰਦ ਕੀਤਾ।

**ਸਾਹਿਬਜ਼ਾਦੇ ਸਰਹਿੰਦ ਵਿਚ ਕੈਦ** - ਦਸ ਪੋਹ ਨੂੰ ਨਵਾਬ ਵਜ਼ੀਰ ਖਾਂ ਵਾਪਸ ਸਰਹਿੰਦ ਪੁੱਜਾ, ਤਾਂ ਮੁਰੰਡੇ ਵਾਲਿਆਂ ਮਾਤਾ ਜੀ ਤੇ ਸਾਹਿਬਜ਼ਾਦੇ ਓਥੇ ਜਾ ਪੇਸ਼ ਕੀਤੇ। ਚਮਕੌਰ ਵਿਚੋਂ ਗੁਰੂ ਜੀ ਦੇ ਬਚ ਕੇ ਨਿਕਲ ਜਾਣ ਕਰਕੇ

ਸੂਬੇਦਾਰ ਵਜ਼ੀਰ ਖਾਂ ਬੜਾ ਖਿਝਿਆ ਹੋਇਆ ਸੀ। ਉਸ ਵੇਲੇ ਆਪਣੀ ਬੜੀ ਵੱਡੀ ਹਾਰ ਤੇ ਨਮੋਸ਼ੀ ਸਮਝਦਾ ਸੀ। ਛੋਟੇ ਸਾਹਿਬਜ਼ਾਦਿਆਂ ਦੇ ਹੱਥ ਆ ਜਾਣ ਕਰਕੇ ਵਜ਼ੀਰ ਖਾਂ ਦੇ ਮਨ ਨੂੰ ਕੁਛ ਢਾਰਸ ਹੋਈ। ਉਹਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਕਿਲ੍ਹੇ ਦੇ ਬੁਰਜ ਵਿਚ ਕੈਦ ਕਰ ਦਿੱਤਾ। ਲਗਭਗ ਅੱਠ ਪਹਿਰ ਦਾਦੀ ਪੋਤਰੇ ਭੁੱਖੇ ਤਿਹਾਏ ਰਹੇ। ਸਾਰੀ ਰਾਤ ਦਾਦੀ ਪੋਤਰਿਆਂ ਨੂੰ ਗੋਦ ਵਿਚ ਲੈ ਕੇ ਬਜ਼ੁਰਗਾਂ ਦੀ ਦ੍ਰਿੜਤਾ ਦੀਆਂ ਸਾਖੀਆਂ ਸੁਣਾਉਂਦੀ ਰਹੀ। ਬਿਸਤਰੇ ਤੋਂ ਬਿਨਾਂ, ਠੰਢਾ ਬੁਰਜ, ਪੋਹ ਦੀ ਕਕਰੀਲੀ ਰਾਤ ਤੇ ਢਿੱਡੋਂ ਭੁੱਖੇ, ਨੀਂਦ ਅੱਖਾਂ ਦੇ ਨੇੜੇ ਨਾ ਫੜਕੀ। ਅਗਲੇ ਦਿਨ ਕਚਹਿਰੀ ਲੱਗੀ, ਤਾਂ ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਦਾ ਹੁਕਮ ਹੋਇਆ।

**ਕਚਹਿਰੀ ਵਿਚ ਪੇਸ਼ੀ** - ਕੁਛ ਇਤਿਹਾਸਕਾਰਾਂ ਨੇ ਕਿ ਸੁੰਦਰ ਸਾਖੀ ਲਿਖੀ ਹੈ। ਨਵਾਬ ਦੇ ਅਹਿਲਕਾਰਾਂ ਨੇ ਇਕ ਗੋਂਦ ਅਨੁਸਾਰ ਕਚਹਿਰੀ ਦਾ



ਵੱਡਾ ਦਰਵਾਜ਼ਾ ਬੰਦ ਕਰ ਦਿੱਤਾ, ਤੇ ਸਾਹਿਬਜ਼ਾਦਿਆਂ ਦੇ ਲੰਘਣ ਵਾਸਤੇ ਛੋਟੀ ਜੇਹੀ ਬਾਰੀ ਖੁੱਲ੍ਹੀ ਰੱਖੀ। ਗੋਂਦ ਇਹ ਸੀ ਕਿ ਅੰਦਰ ਦਾਖ਼ਲ ਹੋਣ ਲੱਗੇ ਸਾਹਿਬਜ਼ਾਦੇ ਸਿਰ ਝੁਕਾ ਕੇ ਲੰਘਣਗੇ, ਤਾਂ ਸਾਰੇ ਦਰਬਾਰੀ ਰੌਲਾ ਪਾ ਦੇਣਗੇ, ਕਿ ਸਾਹਿਬਜ਼ਾਦੇ ਨਵਾਬ ਨੂੰ ਸਲਾਮ ਕਰ ਰਹੇ ਹਨ।

ਦੋ ਸਿਪਾਹੀਆਂ ਸਾਹਿਬਜ਼ਾਦਿਆਂ ਨੂੰ ਲੈਣ ਵਾਸਤੇ ਗਏ। ਪੋਤਰਿਆਂ ਨੂੰ ਵਿੱਦਿਆ ਕਰਦਿਆਂ ਮਾਤਾ ਗੁਜਰੀ ਨੇ ਏਨਾ ਕਿਹਾ, **"ਮੇਰੇ ਲਾਲ ! ਏਨੀ ਗੱਲ ਯਾਦ ਰੱਖਣੀ ਕਿ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਤੇ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹੋ। ਮਰਦਾਂ ਵਾਂਗ ਅਡੋਲ ਰਹਿਣਾ। ਜ਼ਾਲਮ ਸਾਹਮਣੇ ਝੁਕਣਾ ਨਹੀਂ, ਗੱਜ ਕੇ ਫ਼ਤਹਿ ਬੁਲਾਉਣੀ।"**

ਸਾਰੇ ਰਾਹ ਸਿਪਾਹੀ ਧਮਕੀਆਂ ਦੇਂਦੇ ਗਏ ਕਿ ਨਵਾਬ ਸਾਹਿਬ ਨੂੰ ਝੁਕ ਕੇਸ ਲਾਮਕ ਰਨਾ,ਨ ਹੀਂਤ ਾਂਅ ਨਿਆਾਈਮ ੌਤੇਮ ਾਰੇਜ ਾਉਗੇ।ਿ ਇਸ ਸਿੱਖਿਆ ਦਾ ਅਸਰ ਸਾਹਿਬਜ਼ਾਦਿਆਂ ਦੇ ਮਨ 'ਤੇ ਉਲਟਾ ਹੀ ਹੋਇਆ। ਅੱਗੇ ਜਾਂਦਿਆਂ ਨੂੰ ਸਿਰਫ਼ ਛੋਟੀ ਬਾਰੀ ਖੁੱਲ੍ਹੀ ਵੇਖ ਕੇ ਸਾਹਿਬਜ਼ਾਦੇ ਵੈਰੀ ਦੀ ਚਾਲ ਨੂੰ ਕੁਛ-ਕੁਛ ਸਮਝ ਗਏ। ਉਨ੍ਹਾਂ ਨੂੰ ਮਾਤਾ ਗੁਜਰੀ ਦੀ ਸੁਣਾਈ ਹੋਈ ਸਾਖੀ ਯਾਦ ਆ ਗਈ। "ਇਕ ਵਾਰ ਪਟਨੇ ਵਿਚ ਵੱਡੇ ਨਵਾਬ ਦੀ ਅਸਵਾਰੀ ਜਾ ਰਹੀ ਸੀ। ਤੁਹਾਡੇ ਪਿਤਾ ਜੀ ਹਾਣੀਆਂ ਨਾਲ ਖੇਡ ਰਹੇ ਸਨ। ਨਵਾਬ ਦੇ ਸਿਪਾਹੀਆਂ ਨੇ ਧਮਕੀ ਦੇਂਦਿਆਂ ਕਿਹਾ, **'ਐ ਬਾਲਕੋ ! ਨਵਾਬ ਸਾਹਿਬ ਨੂੰ ਝੁਕ ਕੇ ਸਲਾਮ ਕਰੋ।' ਤੁਹਾਡੇ ਪਿਤਾ ਜੀ ਨੇ ਸਲਾਮ ਕਰਨ ਦੀ ਥਾਂ, ਨਵਾਬ ਦਾ ਮੂੰਹ ਚਿੜਾਉਣਾ ਸ਼ੁਰੂ ਕਰ ਦਿੱਤਾ। ਛੋਟੇ ਹੁੰਦੇ ਤੋਂ ਹੀ ਉਹ ਕਿਸੇ ਆਕੜਖ਼ੋਰ ਦਾ ਰੁਹਬ ਤਾਂ ਮੰਨਦੇ ਹੀ ਨਹੀਂ ਸਨ।"**

ਵੱਡੇ ਭਰਾ (ਸਾਹਿਬ ਜ਼ੋਰਾਵਰ ਸਿੰਘ ਜੀ) ਨੇ ਛੋਟੇ (ਸਾਹਿਬ ਫ਼ਤਿਹ ਸਿੰਘ ਜੀ) ਦੇ ਕੰਨ ਵਿਚ ਕੁਛ ਸਮਝਾਇਆ। ਸਿਪਾਹੀ ਨੇ ਕੜਕ ਕੇ ਕਿਹਾ, "ਔਧਰ ਵੇਖੋ! ਜਿਸ ਤਰ੍ਹਾਂ ਅਗਲਾ ਸਿਪਾਹੀ ਸਲਾਮ ਕਰਦਾ ਹੋਇਆ ਕਚਹਿਰੀ ਵਿਚ ਦਾਖਲ ਹੁੰਦਾ ਹੈ, ਓਸੇ ਤਰ੍ਹਾਂ ਸਲਾਮ ਕਰਨਾ ਹੋਵੇਗਾ।"

ਢੰਗ ਨਾਲ ਸਾਹਿਬਜ਼ਾਦਿਆਂ ਨੂੰ ਪ੍ਰੇਰਨਾ ਦੇਣ ਵਾਸਤੇ ਇਕ ਸਿਪਾਹੀ ਉਹਨਾਂ ਦੇ ਅੱਗੇ-ਅੱਗੇ ਬਾਰੀ ਵਿਚ ਦੀ ਸਿਰ ਝੁਕਾ ਕੇ ਸਲਾਮ ਕਰਦਾ ਹੋਇਆ ਲੰਘਿਆ। ਉਹਨਾਂ ਦਾ ਖ਼ਿਆਲ ਸੀ ਕਿ ਵੇਖੋ-ਵੇਖੀ ਸਾਹਿਬਜ਼ਾਦੇ ਵੀ ਓਸੇ ਤਰ੍ਹਾਂ ਕਰਨਗੇ। ਪਰ ਸਾਹਿਬਜ਼ਾਦਿਆਂ ਨੂੰ 'ਨਿਰਭੈਤਾ' ਦਾ ਗੁਣ ਆਪਣੇ ਪਿਤਾ ਵੱਲੋਂ ਵਿਰਸੇ ਵਿਚ ਮਿਲਿਆ ਹੋਇਆ ਸੀ। ਸਾਹਿਬ ਜ਼ੋਰਾਵਰ ਸਿੰਘ ਛੋਟੇ ਭਰਾ ਦੇ ਅੱਗੇ ਲੱਗ ਤੁਰੇ। ਉਹਨਾਂ ਪਹਿਲਾਂ ਬਾਰੀ ਵਿਚੋਂ ਪੈਰ ਅੱਗੇ ਲੰਘਾਏ ਤੇ ਫਿਰ ਸਿਰ। ਵੱਡੇ ਵੱਲ ਵੇਖ ਕੇ ਛੋਟੇ ਨੇ ਵੀ ਓਵੇਂ ਹੀ ਕੀਤਾ। ਦੁਸ਼ਮਣ ਦਾ ਇਹ ਮੱਕਾਰੀ ਭਰਿਆ ਵਾਰ ਖ਼ਾਲੀ ਗਿਆ। ਨਵਾਬ ਦੇ ਸਾਹਮਣੇ ਨਿਧੜਕ ਖਲੋ ਕੇ ਦੋਹਾਂ ਸਾਹਿਬਜ਼ਾਦਿਆਂ ਨੇ 'ਫ਼ਤਿਹ' ਬੁਲਾਈ। ਸੁਣ ਕੇ ਸਾਰੇ ਦਰਬਾਰੀ ਦੰਗ ਰਹਿ ਗਏ। ਗੁੱਸੇ ਨਾਲ ਬਹੁਤਿਆਂ ਦੇ ਮੱਥੇ ਉਤੇ ਵੱਟ ਪੈ ਗਏ।

"ਤੁਹਾਨੂੰ ਸਮਝ ਨਹੀਂ ਕਿ ਮੁਲਜ਼ਮ ਨੂੰ ਕਿਵੇਂ ਪੇਸ਼ ਕੀਤਾ ਜਾਂਦਾ ਹੈ?" ਵਜ਼ੀਰ ਖਾਂ ਨੇ ਮੱਥੇ 'ਤੇ ਤਿਉੜੀ ਪਾ ਕੇ, ਲਿਆਉਣ ਵਾਲੇ ਸਿਪਾਹੀਆਂ ਨੂੰ ਕਿਹਾ।

"ਜਨਾਬ! ਅਸੀਂ ਤਾਂ ਸਾਰੇ ਰਾਹ ਸਮਝਾਉਂਦੇ ਆਏ ਆਂ, ਪਰ ਇਹ...। ਸਿਪਾਹੀਆਂ ਨੇ ਆਪਣਾ ਪੱਖ ਪੇਸ਼ ਕੀਤਾ।ਵਜ਼ੀਰ ਖ਼ਾਂ ਦਾ ਪੇਸ਼ਕਾਰ ਇਕ ਹਿੰਦੂ ਸੁੱਚਾ ਨੰਦ ਸੀ। ਉਹਨਾਂ ਸਾਹਿਬਜ਼ਾਦਿਆਂ ਨੂੰ ਪਲੋਸਦਿਆਂ ਬੜੀ ਮਿੱਠੀ ਸੁਰ ਵਿਚ ਕਿਹਾ, "ਬਾਲਕੋ! ਮੈਂ ਹਿੰਦੂ ਹਾਂ। ਤੁਹਾਡੇ ਨਾਲ ਮੈਨੂੰ ਹਮਦਰਦੀ ਹੈ। ਜਾਣਦੇ ਓ, ਤੁਹਾਡੇ ਪਿਤਾ ਜੀ ਤੇ ਦੋਵੇਂ ਵੱਡੇ ਭਾਈ ਚਮਕੌਰ ਵਿਚ ਸਾਰੇ ਸਿੱਖਾਂ ਸਮੇਤ ਮਾਰੇ ਗਏ ਹਨ। ਗੁਸਤਾਖ਼ੀ ਕਰੋਗੇ, ਤਾਂ ਤੁਸੀਂ ਵੀ ਮਾਰੇ ਜਾਉਗੇ। ਨਵਾਬ ਸਾਹਿਬ ਬੜੇ ਰਹਿਮ-ਦਿਲ ਹਨ। ਸਲਾਮ ਕਰਕੇ ਹਜ਼ੂਰ ਤੋਂ ਮਾਫ਼ੀ ਮੰਗ ਲਓ, ਬਖ਼ਸ਼ੇ ਜਾਉਗੇ। ਨਹੀਂ ਤਾਂ ਬੜੇ ਤਸੀਹੇ ਦੇ ਕੇ ਮਾਰੇ ਜਾਉਗੇ।"

ਸਾਹਿਬ ਜ਼ੋਰਾਵਰ ਸਿੰਘ ਨੇ ਬੜੀ ਨਿਰਭੈਤਾ ਨਾਲ ਸੁੱਚਾ ਨੰਦ ਵੱਲ ਵੇਖਦਿਆਂ ਕਿਹਾ, "ਸਾਡੇ ਪਿਤਾ ਜੀ ਨੂੰ ਕੋਈ ਮਾਰ ਨਹੀਂ ਸਕਦਾ। ਨਾ ਹੀ ਅਸੀਂ ਕਿਸੇ ਤੋਂ ਡਰਦੇ ਹਾਂ। ਅਸਾਂ ਫ਼ਤਹਿ ਬੁਲਾਈ ਹੈ, ਤੇ ਫ਼ਤਹਿ ਬੁਲਾਉਂਦੇ ਰਹਾਂਗੇ। ਦੁੱਖਾਂ ਤਸੀਹਿਆਂ ਤੋਂ ਡਰਨ ਵਾਲੇ ਅਸੀਂ ਨਹੀਂ। ਜੋ ਤੁਹਾਡੇ ਦਿਲ ਆਵੇ, ਕਰ ਲਵੋ।" ਇਸ ਦਲੇਰੀ ਭਰੇ ਉੱਤਰ ਨੇ ਸਭ ਨੂੰ ਹੈਰਾਨ ਕਰ ਦਿੱਤਾ।

ਇਕ ਪਾਸੇ ਸਾਹਿਬਜ਼ਾਦਿਆਂ ਨੂੰ ਰੱਜ ਕੇ ਧਮਕਾਇਆ ਗਿਆ, ਤੇ ਦੂਸਰੇ ਪਾਸੇ ਹਰ ਤਰ੍ਹਾਂ ਦੇ ਲਾਲਚ ਵਿਖਾਏ ਗਏ, ਪਰ ਉਹ ਬੀਰ-ਬਾਲਕ ਕਿਸੇ ਝਾਂਸੇ ਵਿਚ ਨਾ ਆਏ। ਅੰਤ ਖਿਝ ਕੇ ਵਜ਼ੀਰ ਖਾਂ ਨੇ ਕਿਹਾ, "ਬੇ-ਸਮਝ ਬਾਲਕੋ! ਮੇਰੀ ਆਖ਼ਰੀ ਸ਼ਰਤ ਸੁਣ ਲਵੋ। ਜਾਂ ਇਸਲਾਮ ਪਰਵਾਨ ਕਰ ਲਵੋ, ਨਹੀਂ ਤਾਂ ਸਖ਼ਤ ਤਸੀਹੇ ਦੇ ਕੇ ਮਾਰੇ ਜਾਉਗੇ।"

**"ਅਸੀਂ ਮੌਤ ਜਾਂ ਦੁੱਖਾਂ ਤਸੀਹਿਆਂ ਤੋਂ ਡਰਨ ਵਾਲੇ ਨਹੀਂ। ਆਪਣੇ ਦਾਦੇ ਵਾਂਗ ਸ਼ਹੀਦ ਹੋ ਜਾਵਾਂਗੇ, ਪਰ ਤੇਰਾ ਦੀਨ ਨਹੀਂ ਮੰਨਾਂਗੇ।"** ਸਾਹਿਬਜ਼ਾਦਿਆਂ ਨੇ ਓਵੇਂ ਦਲੇਰੀ ਹੀ ਨਾਲ ਉੱਤਰ ਦਿੱਤਾ।

**ਸ਼ੇਰ ਮੁਹੰਮਦ ਖ਼ਾਂ ਮਲੇਰ ਕੋਟਲਾ** - ਉਸ ਵੇਲੇ ਕਚਹਿਰੀ ਵਿਚ ਸ਼ੇਰ ਮੁਹੰਮਦ ਖ਼ਾਂ ਮਲੇਰ ਕੋਟਲੇ ਵਾਲਾ ਵੀ ਬੈਠਾ ਸੀ। ਵਜ਼ੀਰ ਖਾਂ ਨੇ ਉਹਨੂੰ

ਸੰਬੋਧਨ ਕਰਕੇ ਕਿਹਾ, "ਖਾਨ ਸਾਹਿਬ! ਚਮਕੌਰ ਵਿਚ ਗੁਰੂ ਨੇ ਤੁਹਾਡੇ ਭਾਈ ਨਾਹਰ ਖ਼ਾਂ ਨੂੰ ਕਤਲ ਕੀਤਾ ਸੀ। ਤੁਸੀਂ ਇਹਨਾਂ ਦੋਹਾਂ ਨੂੰ ਕਤਲ ਕਰਕੇ ਭਰਾ ਦਾ ਬਦਲ ਲੈ ਲਵੋ।"

"ਨਵਾਬ ਸਾਹਿਬ! ਮੇਰੇ ਭਰਾ-ਭਤੀਜੇ ਮੈਦਾਨ ਵਿਚ ਲੜਦੇ ਹੋਏ ਮਾਰੇ ਗਏ ਹਨ। ਅੱਜ ਵੀ ਗੁਰੂ ਮੇਰੇ ਸਾਹਮਣੇ ਆ ਜਾਏ, ਮੈਂ ਮਰਦਾਂ ਵਾਂਗ ਮੈਦਾਨ ਵਿਚ ਉਸ ਤੋਂ ਬਦਲਾ ਲਵਾਂਗਾ। ਪਰ ਇਹਨਾਂ ਮਾਸੂਮ ਬੱਚਿਆਂ ਨੂੰ ਇਹਨਾਂ ਦੇ ਪਿਤਾ ਦੀ ਕੀਤੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਇਹ ਬੇਗੁਨਾਹ ਹਨ। ਇਸਲਾਮੀ ਸ਼ਰ੍ਹਾ ਵਿਚ ਮਾਸੂਮ ਤੇ ਬੇ-ਗੁਨਾਹ ਬੱਚਿਆਂ ਨੂੰ ਮਾਰਨਾ ਪਾਪ ਹੈ। ਮੇਰੀ ਰਾਏ ਹੈ ਕਿ ਇਹਨਾਂ ਨੂੰ ਛੱਡ ਦੇਣਾ ਚਾਹੀਦਾ ਹੈ।" ਸ਼ੇਰ ਮੁਹੰਮਦ ਨੇ ਦਲੇਰ ਬੰਦਿਆਂ ਵਾਂਗ ਉੱਤਰ ਦਿੱਤਾ।

**ਸੁੱਚਾ ਨੰਦ ਦੀ ਕਮੀਨਗੀ** - ਸ਼ੇਰ ਮੁਹੰਮਦ ਦੀ ਰਾਏ ਸੁਣ ਕੇ ਕੋਲੋਂ ਸੁੱਚਾ ਨੰਦ ਉਠ ਖਲੋਤਾ। ਉਹਨੇ ਪਹਿਲਾਂ ਵਾਂਗ ਸਾਹਿਬਜ਼ਾਦਿਆਂ ਨਾਲ ਪਿਆਰ ਜਤਾਉਂਦਿਆਂ ਕਿਹਾ, "ਸੁਣਿਆਂ ਬਾਲਕੋ! ਨਵਾਬ ਸ਼ੇਰ ਮੁਹੰਮਦ ਸਾਹਿਬ ਤੁਹਾਡੇ ਉਤੇ ਰਹਿਮ ਕਰਨ ਦੇ ਹੱਕ ਵਿਚ ਹਨ। ਭਲਾ ਸਰਕਾਰ ਤੁਹਾਨੂੰ ਛੱਡ ਦੇਵੇ, ਤਾਂ ਤੁਸੀਂ ਕੀ ਕਰੋਗੇ?"

"ਅਸੀਂ?" ਸਾਹਿਬ ਜ਼ੋਰਾਵਰ ਸਿੰਘ ਜੀ ਦੇ ਉਤਰ ਦਿੱਤਾ, "ਅਸੀਂ ਜੰਗਲਾਂ ਤੇ ਪਿੰਡਾਂ ਵਿਚ ਜਾ ਕੇ ਆਪਣੇ ਸਿੱਖ ਇਕੱਠੇ ਕਰਾਂਗੇ, ਤੇ ਫ਼ੌਜਾਂ ਬਣਾ ਕੇ ਜ਼ਾਲਮ ਸਰਕਾਰ ਨਾਲ ਲੜਾਂਗੇ।"

"ਤੁਸੀਂ ਹਾਰ ਜਾਉਗੇ, ਤੇ ਫੇਰ ਫੜੇ ਜਾਉਗੇ। ਭਲਾ ਜੇ ਫੇਰ ਵੀ ਤੁਹਾਨੂੰ ਛੱਡ ਦਿੱਤਾ ਜਾਵੇ, ਤਾਂ ਤੁਸੀਂ ਕੀ ਕਰੋਗੇ?" ਸੁੱਚਾ ਚੰਦ ਨੇ ਫੇਰ ਪੁੱਛਿਆ।


"ਅਸੀਂ ਫੇਰ ਆਪਣੀਆਂ ਫੌਜਾਂ ਇਕੱਠੀਆਂ ਕਰਕੇ ਸਰਕਾਰ ਨਾਲ ਲੜਾਂਗੇ, ਤੇ ਓਦੋਂ ਤੱਕ ਲੜਦੇ ਰਹਾਂਗੇ, ਜਿੰਨਾ ਚਿਰ ਇਹ ਸਰਕਾਰ ਖਤਮ ਨਹੀਂ ਹੋ ਜਾਂਦੀ।" ਦੋਹਾਂ ਸਾਹਿਬਜ਼ਾਦਿਆਂ ਦਾ ਲਗਭਗ ਇਕੋ ਜਵਾਬ ਸੀ।

"ਸੁਣਿਆ ਜਨਾਬ!" ਸੁੱਚਾ ਨੰਦ ਨੇ ਵਜ਼ੀਰ ਖ਼ਾਨ ਵੱਲ ਸੰਬੋਧਤ ਹੋ ਕੇ ਕਿਹਾ, "ਇਹ ਹਨ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦੇ! ਸੱਪਾਂ ਦੇ ਪੁੱਤ ਸੱਪ ਹੀ ਹੁੰਦੇ ਹਨ। ਇਹਨਾਂ ਨੂੰ ਛੱਡ ਦੇਣਾ, ਆਪਣੇ ਆਪ ਵੈਰ ਕਰਨ ਦੇ ਬਰਾਬਰ ਹੈ। ਇਹ ਵੱਡੇ ਹੋ ਕੇ ਆਪਣੇ ਪਿਤਾ ਨਾਲੋਂ ਵੀ ਵੱਧ ਹੋਣਗੇ। ਮੇਰੀ ਰਾਏ ਵਿਚ ਇਹਨਾਂ ਨੂੰ ਮੌਤ ਦੀ ਸਜ਼ਾ ਦੇਣੀ ਚਾਹੀਦੀ ਹੈ

**ਮੁਫ਼ਤੀ ਦਾ ਫ਼ਤਵਾ** - ਸੁੱਚਾ ਨੰਦ ਦੀ ਰਾਏ ਸੁਣ ਕੇ ਮੁਫ਼ਤੀ-ਮੌਲਵੀ ਵੀ ਤੇਜ਼ ਹੋ ਗਏ। ਉਹਨਾਂ ਵੀ ਸਾਹਿਬਜ਼ਾਦਿਆਂ ਨੂੰ ਮਾਰ ਦੇਣ ਦੀ ਰਾਏ ਦਿੱਤੀ। ਵੱਡੇ ਮੁਫ਼ਤੀ ਨੇ ਫ਼ਤਵਾ ਦਿੱਤਾ ਕਿ ਏਹੋ ਜੇਹੇ ਜ਼ਿੱਦੀ ਬਾਲਕਾਂ ਨੂੰ ਜਿਉਂਦਿਆਂ ਨੂੰ ਕੰਧ ਵਿਚ ਚਿਣ ਦੇਣਾ ਚਾਹੀਦਾ ਹੈ।

**ਸ਼ੇਰ ਮੁਹੰਮਦ ਵੱਲੋਂ ਆਹ ਦਾ ਨਾਹਰਾ** - "ਇਹ ਜ਼ੁਲਮ ਹੈ, ਹੱਦੋਂ ਵੱਧ ਜ਼ੁਲਮ। ਇਹ ਸ਼ਰ੍ਹਾ ਦੇ ਉਲਟ ਹੈ। ਮਾਸੂਮ ਤੇ ਬੇਗੁਨਾਹ ਬੱਚਿਆਂ ਨੂੰ ਮਾਰਨ ਦੀ ਸ਼ਰ੍ਹਾ ਕਦੇ ਇਜਾਜ਼ਤ ਨਹੀਂ ਦੇਂਦੀ। ਮੈਂ ਇਹ ਜ਼ੁਲਮ ਨਹੀਂ ਵੇਖ ਸਕਦਾ।" ਆਹ ਦਾ ਨਾਹਰਾ ਮਾਰ ਕੇ ਸ਼ੇਰ ਮੁਹੰਮਦ ਕਚਹਿਰੀ ਵਿਚੋਂ ਉਠ ਕੇ ਚਲਿਆ ਗਿਆ।

**ਕੰਧ ਵਿਚ ਚਿਣਨਾ** - ਸ਼ੇਰ ਮੁਹੰਮਦ ਦੀ ਰਾਏ ਦੀ ਕਿਸੇ ਪਰਵਾਹ ਨਾ ਕੀਤੀ ਗਈ। ਸਾਹਿਬਜ਼ਾਦਿਆਂ ਨੂੰ ਸਜ਼ਾ ਦੇਣ ਵਾਸਤੇ ਕਚਹਿਰੀ ਦੇ ਹਾਤੇ ਵਿਚ ਹੀ ਕੰਧ ਉਸਾਰਨ ਦਾ ਪ੍ਰਬੰਧ ਕੀਤਾ ਗਿਆ। ਹਰ ਵਾਰ ਦੇ ਨਾਲ ਸਾਹਿਬਜ਼ਾਦਿਆਂ ਨੂੰ ਪੁੱਛਿਆ ਜਾਂਦਾ ਕਿ ਇਸਲਾਮ ਮੰਨ ਲਵੋ, ਤਾਂ ਜਾਨ



ਬਖਸ਼ੀ ਜਾ ਸਕਦੀ ਹੈ। ਹਰ ਵਾਰ ਸਾਹਿਬਜ਼ਾਦੇ ਇਕੋ ਉੱਤਰ ਦੇਂਦੇ, **"ਅਸੀਂ ਗੁਰੂ ਤੇਗ ਬਹਾਦਰ ਸਾਹਿਬ ਦੇ ਪੋਤਰੇ ਹਾਂ। ਸਿਰ ਦੇ ਦਿਆਂਗੇ, ਪਰ ਅਸੀਂ ਧਰਮ ਨਹੀਂ ਹਾਰਾਂਗੇ।"**

ਕੰਧ ਗੋਡਿਆਂ ਤਕ ਆ ਗਈ। ਦੋਵੇਂ ਸੋਹਲ ਬਾਲਕ ਬੇਹੋਸ਼ ਹੋ ਕੇ ਇਕ ਪਾਸੇ ਉਲਰ ਪਏ। ਉਹਨਾਂ ਦੇ ਭਾਰ ਨਾਲ ਉਸ ਪਾਸਿਓਂ ਕੰਧ ਵੀ ਡਿੱਗ ਪਈ। ਸ਼ਾਇਦ ਕੰਧ ਉਸਾਰਨ ਦਾ ਮਤਲਬ ਵੀ ਵਧੇਰੇ ਕਰਕੇ ਸਾਹਿਬਜ਼ਾਦਿਆਂ ਨੂੰ ਡਰਾਉਣਾ ਹੀ ਸੀ। ਬੇਹੋਸ਼ੀ ਦੀ ਹਾਲਤ ਵਿਚ ਹੀ ਸਾਹਿਬਜ਼ਾਦੇ ਦਾਦੀ ਜੀ ਕੋਲ ਪਹੁੰਚਾ ਦਿੱਤੇ ਗਏ। ਨਿਸ਼ਾਨਾ ਇਹ ਸੀ ਕਿ ਬੱਚਿਆਂ ਦੀ ਅਜੇਹੀ ਹਾਲਤ ਵੇਖ ਕੇ ਮਾਤਾ ਗੁਜਰੀ ਜੀ ਵੀ ਸਹਿਮ ਜਾਣ। ਬੱਚਿਆਂ ਨੂੰ ਜਦ ਹੋਸ਼ ਆਈ, ਤਾਂ ਉਹਨਾਂ ਨੇ ਕਚਹਿਰੀ ਵਿਚ ਹੋਈ-ਬੀਤੀ ਸਾਰੀ ਵੇਰਵੇ ਨਾਲ ਕਹਿ ਸੁਣਾਈ।

ਅਗਲੇ ਦਿਨ ਏਨਾ ਸੁਨੇਹਾ ਆਇਆ, "ਮਾਤਾ ਜੀ! ਨਵਾਬ ਸਾਹਿਬ ਵੱਲੋਂ ਆਪ ਜੀ ਨੂੰ ਸੋਚਣ ਵਾਸਤੇ ਇਕ ਦਿਨ ਦੀ ਹੋਰ ਮੁਹਲਤ ਦਿੱਤੀ ਜਾਂਦੀ ਹੈ। ਆਪ ਇਸਲਾਮ ਕਬੂਲ ਕਰਕੇ ਆਪਣੀ ਤੇ ਬੱਚਿਆਂ ਦੀ ਜਾਨ ਬਚਾ ਸਕਦੇ ਹੋ। ਨਹੀਂ ਤਾਂ ਭਲਕੇ ਦੋਵੇਂ ਸਾਹਿਬਜ਼ਾਦੇ ਕਤਲ ਕਰ ਦਿੱਤੇ ਜਾਣਗੇ।"

**ਸ਼ਹੀਦੀ** - ਅੱਠ ਪਹਿਰ, ਜ਼ਿੰਦਗੀ ਦੇ ਆਖ਼ਰੀ ਅੱਠ ਪਹਿਰ ਬੀਤ ਗਏ। ਕਿਵੇਂ ਬੀਤੇ ਹੋਣਗੇ? ਅੰਦਾਜ਼ਾ ਲਾਉਣਾ ਔਖਾ ਹੈ। ਅਗਲੇ ਦਿਨ ਤੇਰ੍ਹਾਂ ਪੋਹ, ਸੰਮਤ ੧੭੬੧ ਬਿ. ਨੂੰ ਦੋਵੇਂ ਸਾਹਿਬਜ਼ਾਦੇ ਸ਼ਹੀਦ ਕਰਨ ਵਾਸਤੇ ਕਚਹਿਰੀ ਵਿਚ ਪੇਸ਼ ਕੀਤੇ ਗਏ। ਉਸ ਵੇਲੇ ਵੱਡੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਦੀ ਉਮਰ ਸੱਤ ਸਾਲ, ਗਿਆਰਾਂ ਮਹੀਨੇ ਤੇ ਅੱਠ ਦਿਨ ਦੀ ਸੀ। ਛੋਟੇ ਸਾਹਿਬਜ਼ਾਦੇ ਫ਼ਤਿਹ ਸਿੰਘ ਜੀ ਦੀ ਉਮਰ ਪੰਜ ਸਾਲ, ਦਸ ਮਹੀਨੇ ਤੇ ਦਸ

ਦਿਨ ਦੀ ਸੀ। ਉਹਨਾਂ ਦੇ ਭੋਲੇ-ਭਾਲੇ ਚਿਹਰਿਆਂ ਵੱਲ ਵੇਖ ਕੇ ਵੀ ਜ਼ਾਲਮਾਂ ਨੂੰ ਤਰਸ ਨ ਆਇਆ। ਰਸਮੀ ਤੌਰ 'ਤੇ ਇਕ ਵਾਰ ਫੇਰ ਪੁੱਛਿਆ ਗਿਆ, ਜੇ ਉਹ ਇਸਲਾਮ ਕਬੂਲ ਕਰ ਕੇ ਜਾਨ ਬਚਾਉਣਾ ਚਾਹੁੰਦੇ ਹੋਣ ਤਾਂ। ਪਰ ਗੁਰੂ ਤੇਗ਼ ਬਹਾਦਰ ਦਾ ਖ਼ੂਨ ਮੌਤ ਤੋਂ ਕਿਵੇਂ ਡਰ ਜਾਂਦਾ! ਦੋਹਾਂ ਦੇ ਕਤਲ ਦਾ ਆਖ਼ਰੀ ਫੈਸਲਾ ਹੋ ਗਿਆ।

ਪਰ ਇਹ ਕੰਮ ਭੁਗਤਾਵੇ ਕੌਣ? ਕੋਈ ਵੀ ਜੱਲਾਦ ਇਸ ਅੱਤ ਦੇ ਜ਼ੁਲਮ ਵਾਸਤੇ ਤਿਆਰ ਨਹੀਂ ਸੀ। ਦੋ ਜੱਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਕਿਸੇ ਮੁਕੱਦਮੇ ਵਿਚ ਫਸੇ ਹੋਏ ਸਨ। ਉਹਨਾਂ ਉਠ ਕੇ ਅਰਜ਼ ਕੀਤੀ, "ਸਰਕਾਰ! ਸਾਡਾ ਜੁਰਮ ਮਾਫ਼ ਕਰ ਦਿੱਤਾ ਜਾਵੇ ਤਾਂ ਅਸੀਂ ਇਹ ਕੰਮ ਕਰਨ ਵਾਸਤੇ ਤਿਆਰ ਹਾਂ।" ਉਹਨਾਂ ਦੀ ਇਹ ਬੇਨਤੀ ਮੰਨ ਲਈ ਗਈ।

ਅੱਗੇ ਲਿਖਦਿਆਂ ਛਾਤੀ ਪਾਟਦੀ ਹੈ। ਜੱਲਾਦਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਧਰਤੀ ਉੱਤੇ ਸਿੱਧੇ ਲਿਟਾ ਕੇ ਉਹਨਾਂ ਦੀਆਂ ਛਾਤੀਆਂ 'ਤੇ ਗੋਡੇ ਰੱਖ ਕੇ ਛੁਰੀ ਨਾਲ ਬੱਕਰੇ ਵਾਂਗ ਹਲਾਲ ਕੀਤਾ। ਇਹ ਅਮਾਨਵੀ ਅੱਤਿਆਚਾਰ ਨੂੰ ਵੇਖ ਕੇ ਜ਼ਮੀਨ ਅਸਮਾਨ ਕੰਬ ਉਠੇ।

ਇਸ ਸ਼ਹੀਦੀ ਨੇ ਸਾਰੇ ਪੰਜਾਬ ਵਿਚ ਅਜੇਹੀ ਅੱਗ ਭੜਕਾ ਦਿੱਤੀ, ਜੋ ਮੁਗ਼ਲ ਰਾਜ ਖ਼ਤਮ ਕਰ ਕੇ ਹੀ ਸ਼ਾਂਤ ਹੋਈ। ਲੋਕ ਆਹ ਭਰ ਕੇ ਕਹਿੰਦੇ 'ਇਸ ਜੀਉਣ ਨਾਲੋਂ ਤਾਂ ਸਰਕਾਰ ਦੇ ਗਲ ਪੈ ਕੇ ਮਾਰ ਜਾਣਾ ਚੰਗਾ ਹੈ।'

**ਸ਼ਹੀਦੀ ਕਿਵੇਂ ਹੋਈ?** - ਉਪਰ ਲਿਖੇ ਵਾਕ ਪੜ੍ਹ ਕੇ ਪਾਠਕਾਂ ਨੂੰ ਕੁਝ ਓਪਰਾ-ਓਪਰਾ ਲੱਗੇਗਾ। ਕਿਉਂਕਿ ਇਸ ਵੇਲੇ ਆਮ ਪਰਚਲਤ ਹੈ ਕਿ ਛੋਟੇ ਸਾਹਿਬਜ਼ਾਦੇ ਜਿਉਂਦੇ ਕੰਧ ਵਿਚ ਚਿਣ ਕੇ ਸ਼ਹੀਦ ਕੀਤੇ ਗਏ ਸਨ। ਮੈਂ ਆਪਣੀ ਰਾਇ ਸਾਫ਼ ਸ਼ਬਦਾਂ ਵਿਚ ਉਪਰ ਦੇ ਆਇਆ ਹਾਂ। ਪਰ ਇਹ ਰਾਏ ਬਣੀ ਕਿਵੇਂ? ਇਸ ਦੇ ਸਬੂਤ ਵਿਚ ਕੁਝ ਪਰਮਾਣ ਦੇਂਦਾ ਹਾਂ।

ਇਸ ਸ਼ਹੀਦੀ ਦਾ ਜ਼ਿਕਰ ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ 'ਜ਼ਫ਼ਰਨਾਮਾ' ਵਿਚ ਕੀਤਾ ਹੈ :-

**'ਚਿ ਹਾ ਸ਼ੁਦ, ਕਿ ਚੂੰ ਬੱਚਗਾਂ ਕੁਸ਼ਤਹ ਚਾਰ,**

**ਕਿ ਬਾਕੀ ਬਿਮਾਂਦ ਅਸਤ ਪੇਚੀਦਹ ਮਾਰ।"**

(ਕੀ ਹੋਇਆ ਕਿ ਚਾਰ ਬੱਚੇ ਸ਼ਹੀਦ ਕਰ ਦਿੱਤੇ ਗਏ ਹਨ, ਅਜੇ ਕੁੰਡਲੀਆਂ ਸੱਪ (ਖ਼ਾਲਸਾ ਪੰਥ) ਬਾਕੀ ਹੈ।)

ਇਸ ਰਚਨਾ ਤੋਂ ਇਹ ਪਤਾ ਤਾਂ ਲੱਗ ਜਾਂਦਾ ਹੈ ਕਿ ਚਾਰੇ ਸਾਹਿਬਜਾਦੇ ਸ਼ਹੀਦ ਕਰ ਦਿੱਤੇ ਗਏ, ਪਰ ਇਹ ਸਿੱਧ ਨਹੀਂ ਹੁੰਦਾ ਕਿ ਇਹ ਘਟਨਾ ਵਾਪਰੀ ਕਿਵੇਂ।

ਇਸ ਤੋਂ ਪਿਛੋਂ ਵਾਰੀ ਆਉਂਦੀ ਹੈ ਕਵੀ 'ਸੈਨਾਪਤਿ' ਦੀ ਰਚਨਾ 'ਸ੍ਰੀ ਗੁਰ ਸੋਭਾ' ਦੀ। ਸੈਨਾਪਤਿ, ਗੁਰੂ ਮਹਾਰਾਜ ਦੇ ਹਜ਼ੂਰੀ ਕਵੀਆਂ ਵਿਚੋਂ ਸੀ। ਉਹ ਲਿਖਦਾ ਹੈ -

**"ਧੰਨਿ ਧੰਨਿ ਗੁਰਦੇਵ ਸੁਤ, ਤਨ ਕੋ ਲੋਭ ਨ ਕੀਨ।**

**ਧਰਮ ਰਾਖ ਕਲਿ ਮੋ ਗਏ, ਦਾਦੇ ਸੋਂ ਜਸ ਲੀਨ।੭॥**

**ਫਤੇ ਸਿੰਘ, ਜੁਝਾਰ ਸਿੰਘ, ਇਹ ਬਿਧ ਤਜੇ ਪ੍ਰਾਨ।**

**ਪ੍ਰਗਟ ਭਏ ਤਿਹ ਲੋਕ ਮੈ, ਜਾਨਤ ਸਕਲ ਜਹਾਨ।੭॥**

ਇਸ ਲਿਖਤ ਤੋਂ ਵੀ ਇਹ ਸਾਬਤ ਨਹੀਂ ਹੁੰਦਾ ਕਿ ਸ਼ਹੀਦੀ ਕਿਸ ਢੰਗ ਨਾਲ ਹੋਈ?

'ਸੈਨਾਪਤਿ' ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦੀ ਥਾਂ ਜੁਝਾਰ ਸਿੰਘ ਜੀ ਦਾ ਨਾਮ ਲਿਖਦਾ ਹੈ। ਬਾਬਾ 'ਅਜੀਤ ਸਿੰਘ' ਜੀ ਦਾ ਨਾਮ ਵੀ ਉਹ ਕਿਤੇ 'ਰਣਜੀਤ ਸਿੰਘ' ਤੇ ਕਿਸੇ ਥਾਂ 'ਜੀਤ ਸਿੰਘ' ਹੀ ਲਿਖਦਾ ਹੈ। ਸੰਗਤ ਵਿਚ ਸ਼ਰਧਾ ਵਜੋਂ ਸਾਰੇ ਸਾਹਿਬਜ਼ਾਦਿਆਂ ਨੂੰ 'ਬਾਬਾ ਜੀ' ਕਹਿ ਕੇ ਬੁਲਾਇਆ ਜਾਂਦਾ ਸੀ, ਨਾਮ ਨਹੀਂ ਸਨ ਸੱਦੇ ਜਾਂਦੇ। ਇਸ ਵਾਸਤੇ ਨਾਂਵਾਂ ਦਾ ਇਹ ਟਪਲਾ ਲੱਗ ਜਾਣਾ ਮਾਮੂਲੀ ਗੱਲ ਹੈ।

'ਸ੍ਰੀ ਗੁਰ ਸੋਭਾ' ਤੋਂ ਪਿਛੋਂ ਗੁਰ ਪ੍ਰਨਾਲੀਆਂ ਦੀ ਵਾਰੀ ਆਉਂਦੀ ਹੈ। ਉਹਨਾਂ ਦੇ ਲਿਖੇ ਜਾਣ ਦੇ ਸੰਮਤ ਨਹੀਂ ਮਿਲਦੇ। ਫਿਰ ਵੀ ਉਹ ਬਹੁਤ ਪੁਰਾਣੀਆਂ ਲਿਖਤਾਂ ਹਨ।

ਭਾਈ ਕੇਸਰ ਸਿੰਘ ਆਪਣੀ 'ਗੁਰ ਪ੍ਰਨਾਲੀ' ਵਿਚ ਲਿਖਦੇ ਹਨ -

**'ਜ਼ੋਰਾਵਰ ਸਿੰਘ ਜੀ ਤੇ ਫ਼ਤਿਹ ਸਿੰਘ ਜੀ ਸਮਾਣੇ ਸਰਹਿੰਦ ਵਿਚ, ਸਵਾ ਪਹਿਰ ਦਿਨ ਚੜ੍ਹੇ ਸ੍ਰੀ ਸਾਹਿਬ ਜੀ ਦੇ ਨਾਲ (ਭਾਵ ਤਲਵਾਰ ਨਾਲ ਸ਼ਹੀਦ ਕੀਤੇ ਗਏ)।"**

ਕਵੀ ਗੁਲਾਬ ਸਿੰਘ ਦੀ 'ਗੁਰ ਪ੍ਰਨਾਲੀ' ਵਿਚ ਲਿਖਿਆ ਹੈ, ਕਿ ਚਮਕੌਰ ਵਿਚ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਸ਼ਹੀਦ ਹੋਏ। ਫਿਰ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਬਾਰੇ ਲਿਖਿਆ ਹੈ -

**"ਸਰੰਦ ਫਿਟਮੂਹੀ ਮੈਂ ਮਲੇਛੋਂ ਚਾਕ ਕਰਿ ਹਿਯੋ,**

**ਕਰੇ ਹੈਂ ਸ਼ਹਦੀ, ਅਰੁ ਐਸੇ ਪਰੇ ਭਾਸ ਹੈ।"**

**(ਭਾਵ, ਚਾਕ ਕਰਿ ਹਿਯੋ, ਕਲੇਜਾ ਚੀਰ ਕੇ ਸ਼ਹੀਦ ਕੀਤੇ)।**

ਇਕ ਹੋਰ 'ਗੁਰ ਪ੍ਰਨਾਲੀ' ਵਿਚ ਲਿਖਿਆ ਹੈ -

**"ਜ਼ੋਰਾਵਰ ਸਿੰਘ, ਫਤੇ ਸਿੰਘ ਫਿਟਮੂਹੀ ਸਰਹੰਦ ਬਿਖੈ ਪੇਟ ਚਾਕ ਕਰ ਕੇ ਸ਼ਹੀਦ ਕਰੇ।"**

ਇਹਨਾਂ ਤੋਂ ਪਿਛੋਂ ਵਾਰੀ ਆਉਂਦੀ ਹੈ। 'ਗੁਰ ਬਿਲਾਸ' ਦੀ। ਇਸ ਦੇ ਕਰਤਾ ਭਾਈ ਸੁੱਖਾ ਸਿੰਘ ਕੇਸਗੜ੍ਹ ਸਾਹਿਬ ਦੇ ਗ੍ਰੰਥੀ ਸਨ। ਗੁਰ ਬਿਲਾਸ ੧੮੫੪ ਬਿ. (੧੭੯੭ ਈ.) ਵਿਚ ਲਿਖਿਆ ਗਿਆ ਹੈ।

ਭਾਈ ਸੁੱਖਾ ਸਿੰਘ, ਕਵੀ 'ਸੈਨਾਪਤਿ' ਦੇ ਮਗਰ-ਮਗਰ ਚੱਲਦਾ ਹੈ। ਉਹ ਵੀ ਬਾਬਾ ਜ਼ੋਰਾਵਰ ਸਿੰਘ ਦੀ ਥਾਂ ਬਾਬਾ ਜੁਝਾਰ ਸਿੰਘ ਦਾ ਨਾਮ ਲਿਖਦਾ ਹੈ:-

**ਫ਼ਤੇ ਮ੍ਰਿਗਿੰਦ, ਜੁਝਾਰ ਮ੍ਰਿਗੀਸਾ।**

**ਯੌਂ ਕੌਤਕ ਕੀਨੋ ਜਗਦੀਸਾ।੨੪॥**

ਭਾਈ ਸੁੱਖਾ ਸਿੰਘ ਅਨੁਸਾਰ ਸਾਹਿਬਜ਼ਾਦਿਆਂ ਨੂੰ ਦੱਸਿਆ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਵਿਚ ਸ਼ਹੀਦ ਹੋ ਗਏ ਹਨ -

**"ਤੁਮਰੋ ਪਿਤਾ ਮਧਿ ਚਮਕੌਰ।**

**ਮਾਰਿ ਲਯੋ ਗੜ੍ਹ ਮਧਿ ਤਿਤ ਠੌਰ।੨੬੪।"**

ਅਰਥ ਸਾਫ਼ ਹਨ ਕਿ ਤਲਵਾਰ ਜਾਂ ਕਿਸੇ ਤੇਜ਼-ਧਾਰ ਹਥਿਆਰ ਨਾਲ ਸੀਸ ਕੱਟ ਗਏ।

'ਸੂਰਜ ਪ੍ਰਕਾਸ਼' ਭਾਈ ਸੰਤੋਖ ਸਿੰਘ ਜੀ ਨੇ ੧੮੯੫ ਬਿ. (੧੮੩੫ ਈ.) ਵਿਚ ਲਿਖਣਾ ਸ਼ੁਰੂ ਕੀਤਾ, ਜੋ ੧੯੦੦ ਬਿ. ੧੮੪੩ ਈ.) ਵਿਚ ਸੰਪੂਰਨ ਹੋਇਆ।

ਭਾਈ ਸੰਤੋਖ ਸਿੰਘ ਵੀ 'ਸ੍ਰੀ ਗੁਰ ਸੋਭਾ' ਤੇ 'ਗੁਰ ਬਿਲਾਸ' ਦੇ ਮਗਰ-ਮਗਰ ਚੱਲਦਾ ਹੈ। ਸਾਹਿਬਜ਼ਾਦਿਆਂ ਨੂੰ ਗੁਰੂ ਮਹਾਰਾਜ ਦੀ ਸ਼ਹੀਦੀ ਦੀ ਝੂਠੀ ਖ਼ਬਰ ਸੁਣਾਈ ਗਈ-

**"ਸਾਹਿਬਜ਼ਾਦਿਓ, ਪਿਤਾ ਤੁਹਾਰਾ।**

**ਗਢ ਚਮਕੌਰ ਘੇਰ ਗਹਿ ਮਾਰਾ।੨੧।"** (ਰੁੱਤ ੬, ਅੰਸੂ ੫੧)

ਫਿਰ ਅਗਲੇ ਅੰਸੂ (੫੨) ਵਿਚ ਸ਼ਹੀਦੀ ਬਾਰੇ ਲਿਖਿਆ ਹੈ –

**"ਅਧਮ ਤਬੈ ਤਰਵਾਰ ਚਲਾਈ।**

**ਸਿਰ ਜੁਝਾਰ ਸਿੰਘ ਦਯੋ ਗਿਰਾਈ।**

**ਬਹੁਰ ਦੂਸਰੋ ਵਾਰ ਪ੍ਰਹਾਰਾ।**

**ਫਤੇ ਸਿੰਘ ਕੋ ਸੀਸ ਉਤਾਰਾ।੧੨।"**

ਭਾਈ ਸਾਹਿਬ ਵੀ 'ਸੈਨਾਪਤਿ' ਵਾਂਗ ਜ਼ੋਰਾਵਰ ਸਿੰਘ ਜੀ ਦੀ ਥਾਂ ਜੁਝਾਰ ਸਿੰਘ ਜੀ ਦੀ ਸ਼ਹੀਦ ਹੋਣਾ ਮੰਨਦੇ ਹਨ।

ਵਿਚਾਰਨ ਵਾਲੀ ਗੱਲ ਹੈ ਕਿ ਏਥੋਂ ਤਕ ਕੰਧ ਵਿਚ ਚਿਣੇ ਜਾਣ ਦਾ ਕਿਸੇ ਵੀ ਜ਼ਿਕਰ ਨਹੀਂ ਕੀਤਾ।

ਗਿਆਨੀ ਰਤਨ ਸਿੰਘ ਭੰਗੂ ਦਾ 'ਪ੍ਰਾਚੀਨ ਪੰਥ ਪ੍ਰਕਾਸ਼' ਇਸ ਤੋਂ ਪਹਿਲਾਂ (੧੮੯੮ ਬਿ. -੧੮੪੧ ਈ. ਵਿਚ) ਲਿਖਿਆ ਗਿਆ ਸੀ। ਇਤਿਹਾਸਕਾਰਾਂ ਦੀ ਨਜ਼ਰ ਵਿਚ ਉਸ ਨੂੰ ਬਾਕੀ ਲਿਖਤਾਂ ਨਾਲੋਂ ਵਧੇਰੇ ਪ੍ਰਮਾਣਿਕ ਮੰਨਿਆ ਜਾਂਦਾ ਹੈ। ਗਿਆਨੀ ਰਤਨ ਸਿੰਘ ਜੀ ਲਿਖਦੇ ਹਨ :

**"ਸੁਨ ਨਬਾਬ ਯੌਂ ਸੁਖਨ ਉਚਾਰੇ।**

**ਹੈਂ ਏਕ ਲਰਕੇ 'ਜ਼ਿਬਹ' ਕਰਨੇ ਵਾਰੇ।**

**ਜੌ ਇਹ ਹੋਹਿਂ ਨ ਮੁਸਲਮਾਨ।**

**ਕਰੋ 'ਜ਼ਿਬਹ' ਇਨ ਮਾਰੋ ਜਾਨ।੨੯।**

**ਇਤਕ ਕਹੀ ਜਬ ਦੁਸਟ, ਸੁਨਿ ਤੁਰਕ ਭਏ ਪਰਸੰਨ।**

**ਫੜੈਂ ਘਸੀਟੈਂ ਹੋਵਤੈਂ, ਆਯੋ ਉਨੈ ਨ ਤਰਸ ਮਨ।੩੦।**

**ਹੁਤੋ ਉਹਾਂ ਥੋ ਛੁਰਾ ਇਕ ਵਾਰੋ।**

**ਦੈ ਗੋਡੇ ਹੇਠ ਕਰ 'ਜ਼ਿਬਹ' ਡਾਰੋ।**

**ਤੜਫ ਤੜਫ ਗਈ ਜਿੰਦ ਉਡਾਇ।**

**ਇਮ ਸ਼ੀਰਖ਼ੋਰ ਦੁਇ ਦਏ ਕਤਲਾਇ।੩੧।"**

ਸ਼ਬਦ 'ਜ਼ਿਬਹ' ਅਰਬੀ ਭਾਸ਼ਾ ਦਾ ਹੈ, ਜਿਸ ਦਾ ਅਰਥ ਹੈ–ਛੁਰੀ ਨਾਲ 'ਹਲਾਲ' ਕਰਨਾ। ਅਰਥ ਸਾਫ਼ ਹੈ ਕਿ ਦੋਵੇਂ ਸਾਹਿਬਜ਼ਾਦੇ ਗੋਡੇ ਹੇਠ ਦੇ ਕੇ ਛੁਰੀ ਨਾਲ 'ਹਲਾਲ' ਕਰਕੇ ਸ਼ਹੀਦ ਕੀਤੇ ਗਏ।

ਸਭ ਤੋਂ ਪਿਛੋਂ ਵਾਰੀ ਆਉਂਦੀ ਹੈ ਗਿਆਨੀ ਗਿਆਨ ਸਿੰਘ ਦੇ 'ਪੰਥ ਪ੍ਰਕਾਸ਼ ਦੀ'। ਉਹ ੧੯੨੩ ਬਿ. (੧੮੬੬ ਈ.) ਵਿਚ ਲਿਖਿਆ ਗਿਆ, ਭਾਵ, ਉਪਰ ਲਿਖੇ ਸਾਰੇ ਗ੍ਰੰਥਾਂ ਤੋਂ ਪਿਛੋਂ। ਸਭ ਤੋਂ ਪਹਿਲਾਂ ਕੰਧ ਵਿਚ ਚਿਣੇ ਜਾਣ ਦਾ ਜ਼ਿਕਰ ਓਸ ਨੇ ਕੀਤਾ ਹੈ।

ਉਸ ਤੋਂ ਪਹਿਲਾਂ ਕਿਸੇ ਨੇ ਕੰਧ ਵਿਚ ਚਿਣੇ ਜਾਣ ਦਾ ਇਸ਼ਾਰਾ ਤਕ ਵੀ ਨਹੀਂ ਕੀਤਾ। ਪਹਿਲੇ ਸਾਰੇ ਲੇਖਕਾਂ ਨਾਲੋਂ ਗਿਆਨੀ ਗਿਆਨ ਸਿੰਘ ਵਧੇਰੇ ਪੜ੍ਹਿਆ ਜਾਂਦਾ ਰਿਹਾ ਹੈ। ਏਹੀ ਕਾਰਨ ਹੈ ਕਿ ਲੋਕਾਂ ਨੂੰ ਵਧੇਰੇ ਓਸੇ ਦੀ ਲਿਖਤ ਯਾਦ ਹੈ। ਨਾਲੇ ਜੋ ਘਟਨਾ ਬਾਕੀਆਂ ਨਾਲੋਂ ਅਨੋਖਾ ਤੇ ਵੱਖਰੇ ਢੰਗ ਨਾਲ ਵਾਪਰੇ ਉਹ ਲੋਕਾਂ ਦੇ ਮਨਾਂ 'ਤੇ ਬਹੁਤਾ ਅਸਰ ਕਰਦੀ ਹੈ। ਇਸ ਕਰਕੇ ਵੀ 'ਕੰਧ ਵਿਚ ਚਿਣੇ ਜਾਣ' ਦੀ ਗੱਲ ਵਧੇਰੇ ਪ੍ਰਚਲਤ ਹੋ ਗਈ।

ਸਵਾਲ ਪੈਦਾ ਹੁੰਦਾ ਹੈ, ਗਿਆਨੀ ਗਿਆਨ ਸਿੰਘ ਨੇ ਇਹ ਕਹਾਣੀ ਕਿਵੇਂ ਘੜ ਲਈ? ਕਿਆਸ ਕੀਤਾ ਜਾ ਸਕਦਾ ਹੈ ਕਿ ਉਹਨੇ ਬਜ਼ੁਰਗਾਂ ਕੋਲੋਂ ਇਹ ਸਾਖੀ ਜ਼ਰੂਰੀ ਸੁਣੀ ਹੋਵੇਗੀ। ਏਹੋ ਜਿਹੀਆਂ ਕਹਾਣੀਆਂ ਜ਼ਬਾਨੋ–ਜ਼ਬਾਨੀ ਤੇ ਪੀੜ੍ਹੀਓ–ਪੀੜ੍ਹੀ ਚੱਲਦੀਆਂ ਰਹਿੰਦੀਆਂ ਹਨ ਤੇ ਇਤਿਹਾਸ ਲਿਖਣ ਲੱਗਿਆਂ ਉਹਨਾਂ ਨੂੰ ਅਸਲੋਂ ਹੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਗਿਆਨੀ ਜੀ ਲਿਖਦੇ ਹਨ :–

**"ਗੋਡਿਆਂ ਤੋੜੀ ਕੰਧ ਜੋ ਆਈ.**

**ਚਿਣਦੇ ਜਾਵਣ ਤੁਰਕ ਕਸਾਈ।**

**ਜਾਇ ਬੀਜਦੇ ਫੇਰ ਉਚਾਰਾ।**

**ਹੁਣ ਵੀ ਮੰਨੋਂ, ਹੋਇ ਛੁਟਕਾਰਾ।**

ਅੱਗੋਂ ਬਾਬਾ ਜ਼ੋਰਾਵਰ ਸਿੰਘ ਜੀ ਨੇ ਬੜੇ ਸਖ਼ਤ ਜਵਾਬ ਦਿੱਤੇ। ਓਸ ਵੇਲੇ ਉਹ ਕੰਧ ਫਟ ਗਈ।

**"ਫਟਿਓ ਬੁਰਜ, ਜਿਸ ਮੈਂ ਥੇ ਚਿਨਤੈ।**

**ਈਟੈਂ ਇਤ ਉਤ ਚਲੀ ਅਗਿਨਤੈ।"**

ਸਾਹਿਬਜ਼ਾਦੇ ਬੇਹੋਸ਼ ਹੋ ਕੇ ਡਿੱਗ ਪਏ, ਤਾਂ ਵਜ਼ੀਰ ਖ਼ਾਨ ਨੇ ਉਹਨਾਂ ਨੂੰ ਸੰਭਾਲਣ ਦਾ ਹੁਕਮ ਦਿੱਤਾ –

**"ਹੁਕਮ ਬੀਜਦੇ ਖ਼ਾਂ ਕੇ ਸਾਥ।**

**ਆਇ ਉਠਾਇ ਹਾਥੋ ਹਾਥ।**

**ਦਈ ਮਿੰਮਾਈ ਦੂਧ ਪਿਲਾਏ।**

**ਫਿਰ ਮਾਤਾ ਜੀ ਪਾਸ ਪੁਚਾਏ।"**

ਫਿਰ ਕੁਝ ਅਫ਼ਸਰਾਂ ਨੇ ਮਾਤਾ ਜੀ ਨੂੰ ਸਮਝਾਉਣ ਦਾ ਯਤਨ ਕੀਤਾ ਕਿ ਉਹ ਇਸਲਾਮ ਪਰਵਾਨ ਕਰਕੇ ਪੋਤਰਿਆਂ ਦੀ ਜਾਨ ਬਚਾ ਲਵੇ। ਪਰ ਜਦੋਂ ਉਹ ਸਿਦਕੀ ਫਿਰ ਵੀ ਸਿਰੜੋਂ ਨਾ ਹਾਰੇ, ਤਾਂ ਅੰਤ ਸ਼ਹੀਦ ਕਰ ਦਿੱਤੇ ਗਏ –

**"ਓੜਕ ਸੂਬੇ ਦੁਸ਼ਟ ਸੁਨਾਈ।**

**ਮਾਰੋ ਗਰਦਨ ਇਨੇ ਇਥਾਂਈ।**

**ਸ਼ਾਸ਼ਲ ਬੇਗ ਅਰ ਬਾਛਲ ਬੇਗ।**

**ਉਭੈ ਜਲਾਦਨ ਖਿਚ ਕੈ ਤੇਗ।**

**ਤਿਸ ਹੀ ਠੌਰ ਖਰਿਓਂ ਕੇ ਸੀਸ।**

**ਤੁਰਤ ਉਤਾਰੇ ਦੁਸ਼ਟੈਂ ਰੀਸ।"**

ਇਹ ਹੈ ਗਿਆਨੀ ਗਿਆਨ ਸਿੰਘ ਜੀ ਦੀ ਗਵਾਹੀ।

**ਸੂਬੇਦਾਰ ਵਜ਼ੀਰ ਖ਼ਾਨ ਦੀ ਜਿੱਤ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਵਿਚ ਨਹੀਂ, ਉਹਨਾਂ ਨੂੰ ਡਰਾ-ਧਮਕਾ ਕੇ ਦੀਨ ਮਨਾਉਣ ਵਿਚ ਸੀ। ਪਰ ਜਦ ਉਹ ਸੂਰਮੇ ਕਿਸੇ ਭੈ ਦੇ ਸਾਹਮਣੇ ਵੀ ਨਾ ਡੋਲੇ, ਤਾਂ ਸ਼ਹੀਦ ਕਰ ਦਿੱਤੇ ਗਏ।**

ਉਪਰਲੀਆਂ ਲਿਖਤਾਂ ਪੜ੍ਹ ਕੇ ਅਸੀਂ ਏਸ ਸਿੱਟੇ 'ਤੇ ਪੁੱਜਦੇ ਹਾਂ, ਕਿ ਪਹਿਲਾਂ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਚਿਣਿਆ ਗਿਆ, ਜਿਸ ਦਾ ਮਨੋਰਥ ਉਹਨਾਂ ਨੂੰ ਸਿਰਫ਼ ਡਰਾਉਣਾ ਸੀ। ਉਹ ਬੇਹੋਸ ਹੋ ਕੇ ਡਿੱਗ ਪਏ (ਨਾਲ ਹੀ ਕੰਧ ਵੀ ਡਿੱਗ ਪਈ), ਤਾਂ ਓਸੇ ਹਾਲਤ ਵਿਚ ਬੱਚੇ ਮਾਤਾ ਜੀ ਕੋਲ ਪੁਚਾਏ ਗਏ। ਮਨੋਰਥ ਇਹ ਸੀ ਕਿ ਬੱਚਿਆਂ ਦੀ ਇਹ ਹਾਲਤ ਵੇਖ ਕੇ ਮਾਤਾ ਜੀ ਦਾ ਦਿਲ ਡੋਲ ਜਾਵੇਗਾ। ਪਰ ਜਦ ਉਹ ਸਿਦਕੀ ਫਿਰ ਵੀ ਧਰਮੋਂ ਨਾ ਡੋਲੇ, ਤਾਂ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਜ਼ਲਾਦਾਂ ਨੇ ਦੋਹਾਂ ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ) ਦੀਆਂ ਛਾਤੀਆਂ ਉੱਤੇ ਗੋਡੇ ਰੱਖ ਕੇ, ਚੁਰੀ ਨਾਲ ਹਲਾਲ ਕਰਕੇ ਸ਼ਹੀਦ ਕੀਤਾ।

**ਮਾਤਾ ਗੁਜਰੀ ਜੀ ਸ਼ਹੀਦ** - ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਮਾਤਾ ਗੁਜਰੀ ਜੀ ਨੂੰ ਪਹੁੰਚੀ, ਤਾਂ ਉਹਨਾਂ ਗ਼ਮ ਨਾਲ ਹਉਕਾ ਭਰ ਕੇ ਪ੍ਰਾਣ

ਤਿਆਗ ਦਿੱਤੇ। ਬਿਰਧ ਸਰੀਰ, ਫਿਰ ਦਿਲ 'ਤੇ ਕੋਈ ਚੋਟਾਂ ਲੱਗ ਚੁੱਕੀਆਂ ਸਨ। ਏਸ ਅੰਤਮ ਚੋਟ ਨਾਲ ਦਿਲ ਦੀ ਧੜਕਣ ਬੰਦ ਹੋ ਗਈ (ਹਾਰਟ ਫ਼ਿਹਲ ਹੋ ਗਿਆ) ਦੁਸ਼ਮਣ ਦੀ ਕੈਦ ਵਿਚ ਭੁੱਖਿਆਂ-ਤਿਹਾਇਆਂ ਰਹਿ ਕੇ, ਪੋਤਰਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਗ਼ਮ ਨਾਲ ਪ੍ਰਾਣ ਤਿਆਗੇ, ਇਸ ਲਈ ਮਾਤਾ ਗੁਜਰੀ ਜੀ ਨੂੰ ਸ਼ਹੀਦ ਮੰਨਿਆ ਜਾਵੇਗਾ।

**ਟੋਡਰ ਮੱਲ ਨੇ ਸਸਕਾਰ ਕੀਤਾ** - ਸਰਹਿੰਦ ਦੇ ਜੌਹਰੀ ਟੋਡਰ ਮੱਲ ਨੇ ਨਵਾਬ ਵਜ਼ੀਰ ਖ਼ਾਂ ਪਾਸੋਂ ਸਾਹਿਬਜ਼ਾਦਿਆਂ ਦੇ ਅੰਤਮ-ਸਸਕਾਰ ਦੀ ਆਗਿਆ ਮੰਗੀ। ਨਵਾਬ ਨੇ ਕਿਹਾ, 'ਜ਼ਮੀਨ ਮੁੱਲ ਲੈ ਕੇ ਸਸਕਾਰ ਕਰ ਸਕਦੇ ਹੋ, ਤੇ ਜ਼ਮੀਨ ਮੁੱਲ ਮਿਲੇਗੀ ਮੋਹਰਾਂ ਵਿਛਾ ਕੇ।' ਟੋਡਰ ਮੱਲ ਨੇ ਇਹ ਸ਼ਰਤ ਪੂਰੀ ਕਰ ਦਿੱਤੀ। ਉਹਨੇ ਮੋਹਰਾਂ ਵਿਛਾ ਕੇ ਅੰਗੀਠੇ ਜੋਗੀ ਥਾਂ ਪਰਾਪਤ ਕੀਤੀ, ਤੇ ਅਗਲੇ ਦਿਨ ਮਾਤਾ ਗੁਜਰੀ ਜੀ ਤੇ ਦੋਹਾਂ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ। ਉਸ ਥਾਂ 'ਤੇ ਗੁਰਦੁਆਰਾ 'ਜੋਤੀ ਸਰੂਪ' ਕਾਇਮ ਹੈ।

**ਗੰਗੂ ਕਿਵੇਂ ਮਰਿਆ** - ਹੁਣ ਵਾਰੀ ਆ ਗਈ ਵਿਸ਼ਵਾਸ-ਘਾਤੀ ਗੰਗੂ ਦੀ। ਜਿਸ ਧਨ ਦੇ ਲਾਲਚ ਵਿਚ ਉਹਨੇ ਐਡਾ ਵੱਡਾ ਪਾਪ ਕੀਤਾ ਸੀ, ਉਹੀ ਧਨ ਉਸ ਦੀ ਮੌਤ ਦਾ ਕਾਰਨ ਬਣਿਆ। ਮਾਤਾ ਗੁਜਰੀ ਜੀ ਤੋਂ ਸੁਣੇ ਹੋਏ ਸ਼ਬਦਾਂ ਦੇ ਆਧਾਰ 'ਤੇ ਜਾਨੀ ਖ਼ਾਂ ਅਤੇ ਮਾਨੀ ਖ਼ਾਂ ਨੇ ਨਵਾਬ ਵਜ਼ੀਰ ਖ਼ਾਂ ਨੂੰ ਦੱਸਿਆ ਕਿ ਮਾਤਾ ਗੁਜਰੀ ਜੀ, ਜੋ ਮੋਹਰਾਂ ਦੀ ਖੁਰਜੀ ਨਾਲ ਲੈ ਕੇ ਆਏ ਸਨ, ਉਹ ਗੰਗੂ ਕੋਲ ਹੈ। ਵਜ਼ੀਰ ਖਾਂ ਨੇ ਉਹ ਰਕਮ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾਉਣ ਵਾਸਤੇ ਕਿਹਾ। ਗੰਗੂ ਨੇ ਮੰਨਣ ਤੋਂ ਇਨਕਾਰ ਕੀਤਾ, ਤਾਂ ਹਾਕਮਾਂ ਵੱਲੋਂ ਮਾਰ-ਕੁਟਾਈ ਸ਼ੁਰੂ ਹੋ ਗਈ। ਅੰਤ ਕੁੱਟ ਦਾ ਮਾਰਿਆ ਗੰਗੂ ਮੰਨ ਗਿਆ। ਉਹਨੇ ਕਈ ਥਾਂ ਵਿਖਾਏ, ਜਿੱਥੇ ਧਨ ਦੱਬਿਆ ਸੀ, ਪਰ ਧਨ ਕਿਤੋਂ ਨਾ ਨਿਕਲਿਆ। ਮਾਸੂਮ ਬੱਚਿਆਂ ਦੀ ਸ਼ਹੀਦੀ ਨੇ ਉਹਦੇ ਮਨ 'ਤੇ ਵੀ ਅਸਰ ਕੀਤਾ ਸੀ, ਤੇ ਉਹ ਭੁੱਲ ਗਿਆ ਸੀ ਕਿ ਧਨ ਕਿਸ ਥਾਂ ਦੱਬ ਬੈਠਾ ਹੈ। ਹਾਕਮਾਂ ਸਮਝਿਆ ਕਿ ਗੰਗੂ ਉਹਨਾਂ ਨੂੰ ਧੋਖਾ ਦੇ ਰਿਹਾ ਹੈ। ਸਿਪਾਹੀਆਂ ਨੇ ਫਿਰ ਗੰਗੂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਸਿੱਟਾ ਇਹ ਨਿਕਲਿਆ, ਕਿ ਗੰਗੂ ਸਰਕਾਰੀ ਬੰਦਿਆਂ ਹੱਥੋਂ ਕੁੱਟੀ ਦਾ ਕੁੱਟੀ ਦਾ ਹੀ ਮਰ ਗਿਆ।

**ਸ਼ਹੀਦੀ ਦਾ ਅਸਰ** – ਠੀਕ ਕਹਿੰਦੇ ਹਨ, ਸ਼ਹੀਦ ਦੀ ਮੌਤ ਕੌਮ ਨੂੰ ਨਵਾਂ ਜੀਵਨ ਬਖਸ਼ਦੀ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨਾਲ ਲੋਕਾਂ ਦੇ ਅੰਦਰ ਗੁੱਸੇ ਦੀ ਅੱਗ ਸੁਲਘਣ ਲੱਗ ਪਈ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਚਾਰ ਤੇ ਦਲੇਰੀ ਭਰੇ ਕਾਰਨਾਮਿਆਂ ਨੇ ਉਸ ਨੂੰ ਲੋੜੀਂਦੀ ਹਵਾ ਦਿੱਤੀ। ਪਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੇ ਉਸ ਨੂੰ ਭਾਂਬੜ ਵਿਚ ਬਦਲ ਦਿੱਤਾ।

**ਜਬ ਸੁਨਿਓ ਭੇਦ ਤੁਰਕਾਨ ਕਾਨ।**
**ਇਹ ਚਾਰ ਖਚਰ ਮੂਹਰੈ ਅਮਾਨ।**
**ਗਹਿ ਲਯੋ ਤਾਸ ਬਾਂਧੇ ਮੰਗਾਇ।**
**ਲੈ ਮਾਰਿ ਕੂਟ ਦੀਨੋ ਖਪਾਇ।**

**(ਗੁਰ ਬਿਲਾਸ, ਪੰਨੇ ੨੨੯-੨੧)**

ਸਿੱਖ ਜਨਤਾ ਦੇ ਦਿਲਾਂ ਵਿਚ ਅਜੇਹੀ ਜਵਾਲਾ ਭੜਕੀ, ਜਿਸ ਨੇ ਮੁਗ਼ਲ ਰਾਜ ਨੂੰ ਸਾੜ ਕੇ ਸੁਆਹ ਕਰ ਦਿੱਤਾ। ਹੁੰਦੇ ਤਾਣ ਸਮੇਂ ਦੀ ਸਰਕਾਰ ਨੇ ਸਿੱਖਾਂ ਉੱਤੇ ਅਸਹਿ ਤੇ ਅਕਹਿ ਜ਼ੁਲਮ ਕੀਤੇ ਜੋ ਉਹਨਾਂ ਨੇ ਮਰਦਾਂ ਵਾਂਗ ਸਹਾਰੇ, ਪਰ ਮੂੰਹੋਂ 'ਸੀਅ' ਤਕ ਨਾ ਕੀਤੀ ਕਿਉਂਕਿ ਉਹਨਾਂ ਦੇ ਸਾਹਮਣੇ (ਖ਼ਾਸ ਕਰ ਛੋਟੇ) ਸਾਹਿਬਜ਼ਾਦਿਆਂ ਦੀ ਅਦੁੱਤੀ ਕੁਰਬਾਨੀ ਮਿਸਾਲ ਵਜੋਂ ਰੋਸ਼ਨ ਸੀ। ਜਿੱਥੇ ਵੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਜ਼ਿਕਰ ਚੱਲਦਾ, ਲੋਕ ਅਵੱਸੋਂ ਪੁਕਾਰ ਉਠਦੇ, 'ਉਇ ਏਸ ਜਿਉਣ ਨਾਲੋਂ ਤਾਂ ਮਰ ਜਾਣਾ ਚੰਗਾ ਏ। ਐਹੋ ਜੇਹੀ ਸਰਕਾਰ ਨੂੰ ਖਤਮ ਕਰ ਕੇ ਹੀ ਦਮ ਲੈਣਾ ਚਾਹੀਦਾ ਹੈ।' ਤੇ ਅੰਤ ਉਹਨਾਂ ਮੁਗ਼ਲ ਸਰਕਾਰ ਦਾ ਖ਼ਾਤਮਾ ਕਰਕੇ ਹੀ ਦਮ ਲਿਆ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਉਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।


**ਸੰਪਾਦਕ ਭਗਵਾਨ ਸਿੰਘ ਲੁਬਾਣਾ,**

**ਮੋ. 98155-40240,**

**lubanabs@yahoo.co.in**

ਕਿਸ਼ਤ-22

# ਗੁਰ ਸਾਗਰ ਦੇ ਸੁੱਚੇ ਮੋਤੀ



**ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ**
ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਗੁਰਸਾਗਰ ਦੇ ਸੁੱਚੇ ਮੋਤੀ ਪੁਸਤਕ ਜੋ ਕਿ ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਜੀਵਨੀ 'ਤੇ ਵਿਸਥਾਰ ਸਹਿਤ ਲਿਖੀ ਗਈ ਹੈ ਅਤੇ ਇਹ ਪੁਸਤਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਛਪਵਾਈ ਗਈ ਹੈ। ਇਸ ਪੁਸਤਕ ਦੀਆਂ ਕਾਪੀਆਂ ਫਾਊਂਡੇਸ਼ਨ ਦੇ ਚੰਡੀਗੜ੍ਹ ਦਫ਼ਤਰ ਵਿਖੇ ਉਪਲਬਧ ਹਨ। ਸਮੂਹ ਪਾਠਕਾਂ ਅਤੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹ ਵਡਮੁੱਲੀ ਪੁਸਤਕ ਚੰਡੀਗੜ੍ਹ ਦੇ ਦਫ਼ਤਰ 'ਚੋਂ ਪ੍ਰਾਪਤ ਕਰ ਸਕਦੇ ਹਨ।

**ਸੰਪਾਦਕ**

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਅਨੰਦਪੁਰ ਵਸਾਉਣਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਰਿਆ ਬਿਆਸਾ ਵਿੱਚ ਡੂੰਘੇ ਪਾਣੀ ਵਿੱਚ ਗ੍ਰੰਥ ਸਾਹਿਬ ਰੱਖ ਕੇ ਨਮਸ਼ਕਾਰ ਕਰਨ ਤੋਂ ਬਾਅਦ ਆਪ ਇੱਕ ਦੋ-ਮੰਜ਼ਲਾਂ ਕਰ ਕੇ ਸਤਿਲੁਜ ਦਰਿਆ ਤੋਂ ਪਾਰ ਪਹੁੰਚੇ। ਕੀਰਤਪੁਰ ਸਾਹਿਬ ਤੋਂ ਪੰਜ ਕੁ ਮਿਲ ਦੂਰ ਦਰਿਆ ਦੇ ਕਿਨਾਰੇ ਖੜੇ ਹੋ ਕੇ ਵੇਖਿਆ। ਜਦੋਂ ਸਾਰਾ ਵਹੀਰ ਵੀ ਪੁੱਜ ਗਿਆ ਤਾਂ ਇੱਥੇ ਡੇਰਾ ਲਾ ਲਿਆ। ਇਹ ਜਗ੍ਹਾ ਕਹਿਲੂਰ ਰਿਆਸਤ ਵਿੱਚ ਹੈ, ਇੱਕ ਪਾਸੇ ਪਹਾੜਾਂ ਦੀ ਬੜੀ ਸੁੰਦਰ ਜਗ੍ਹਾ ਹੈ, ਦੂਜੇ ਪਾਸੇ ਸਤਿਲੁਜ ਦਰਿਆ ਦਾ ਬੜਾ ਸੁੰਦਰ ਪ੍ਰਵਾਹ ਚਲ ਰਿਹਾ ਹੈ। ਜਿੱਥੇ ਬੈਠਿਆਂ ਹੀ ਸਾਹਮਣੇ ਵੇਖ ਕੇ ਮਨ ਨੂੰ ਖੁਸ਼ੀ ਪ੍ਰਾਪਤ ਹੁੰਦੀ ਹੈ। ਸਤਿਗੁਰਾਂ ਨੂੰ ਇਹ ਥਾਂ ਪਸੰਦ ਆ ਗਈ। ਇੱਥੇ ਹੀ ਸਤਿਗੁਰ ਨਗਰ ਵਸਾਉਣਾ ਚਾਹੁੰਦੇ ਸਨ, ਕਿਉਂਕਿ ਅੰਮ੍ਰਿਤਸਰ ਅਤੇ ਲਾਹੌਰ ਦੇ ਨੇੜੇ ਸੋਢੀ ਵੱਸਦੇ ਸਨ। ਉਥੇ ਜੇਕਰ ਰਹਿੰਦੇ ਤਾਂ ਕਈ ਝਗੜੇ ਪੈ ਸਕਦੇ ਸਨ। ਇਸ ਲਈ ਇੱਥੇ ਸ਼ਾਂਤੀ ਨਾਲ ਰਹਿਣਾ ਚਾਹੁੰਦੇ ਸਨ। ਇਸ ਤਰ੍ਹਾਂ ਇੱਥੇ ਸਤਿਗੁਰ ਜੀ ਟਿਕ ਗਏ ਤੇ ਇਸ ਟਿਕਾਣੇ ਦਾ ਨਾਮ ਸਤਿਗੁਰਾਂ ਅਨੰਦਪੁਰ ਪ੍ਰਗਟ ਕੀਤਾ। ਜਿਉਂ-ਜਿਉਂ ਸੰਗਤਾਂ ਨੂੰ ਪਤਾ ਲੱਗਾ, ਸਿੱਖ ਸੰਗਤਾਂ ਹੁਮ-ਹੁਮਾ ਕੇ ਪੁੱਜਣ ਲੱਗੀਆਂ। ਦਰਸ਼ਨ ਕਰਕੇ ਤੇ ਭੇਟਾ ਅਰਪਨ ਕਰ ਕੇ ਮਨੋ-ਕਾਮਨਾਂ ਪੂਰੀਆਂ ਕਰਦੀਆਂ ਅਤੇ ਨਿਹਾਲ ਹੋ ਰਹੀਆਂ ਸਨ।

## ਮੱਖਣ ਸ਼ਾਹ ਦਾ ਵਿਦਿਆ ਹੋਣਾ

ਸਤਿਗੁਰੂ ਜੀ ਦੀ ਭਾਰੀ ਸੋਭਾ ਵੱਧਦੀ ਵੇਖ ਕੇ ਮੱਖਣ ਸਾਹ ਆਪਣੇ ਹਿਰਦੇ ਵਿੱਚ ਬੜਾ ਪ੍ਰਸੰਨ ਹੋਇਆ। ਜਦੋਂ ਇੱਥੇ ਟਿਕਿਆਂ ਨੂੰ ਕਾਫੀ ਦਿਨ ਹੋ ਗਏ ਤਾਂ ਇੱਕ ਦਿਨ ਮੱਖਣ ਸ਼ਾਹ ਨੇ ਬੜੀ ਨਿਮਰਤਾ ਸਹਿਤ ਸਤਿਗੁਰਾਂ ਦੇ ਪਾਸ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਤਿਗੁਰ ਜੀ! ਆਪ ਜੀ ਦੇ ਦਰਸ਼ਨ ਕਰ ਕੇ ਸਭ ਮਨੋਕਾਮਨਾਂ ਪੂਰੀਆਂ ਹੋ ਗਈਆਂ ਹਨ ਅਤੇ ਜੰਮਣ ਮਰਨ ਦੀ ਚਿੰਤਾ ਵੀ ਕੋਈ ਨਹੀਂ ਰਹੀ। ਜਿਉਂ-ਜਿਉਂ ਆਪ ਜੀ ਦੇ ਰੋਜ਼ਾਨਾ ਦਰਸ਼ਨ ਕਰਦਾ ਰਿਹਾ ਹਾਂ, ਆਪ ਜੀ ਦੀ ਕਿਰਪਾ ਨਾਲ ਮੋਹ ਦਾ ਅੰਧੇਰਾ ਵੀ ਮਨ ਤੋਂ ਦੂਰ ਹੁੰਦਾ ਗਿਆ ਹੈ। ਆਪ ਮੇਰੇ ਲੋਕ-ਪ੍ਰਲੋਕ ਤੇ ਸਹਾਇਕ ਹੋ ਗਏ ਹੈ। ਆਪ ਛੁਪੇ ਹੋਏ ਸਉ ਆਪ ਜੀ ਹੁਣ ਪ੍ਰਗਟ ਹੋਏ ਹੋ ਕੇ ਹੁਣ ਤੁਸੀਂ ਆਪਣੇ ਪਵਿੱਤਰ ਦਰਸ਼ਨ ਦੇ ਕੇ ਅਨੇਕਾਂ ਜੀਵਾਂ ਦੀ ਕਲਿਆਣ ਕਰਨੀ ਹੈ।

ਸਤਿਗੁਰੂ ਜੀ! ਮੈਂ ਹੁਣ ਆਪਣੇ ਘਰ ਜਾਣਾ ਚਾਹੁੰਦਾ ਹਾਂ, ਦਾਸ ਤੇ ਇਹ ਕਿਰਪਾ ਕਰਨੀ ਕਿ ਮੈਂ ਆਪ ਨੂੰ ਦਿਲੋਂ ਕਦੇ ਨਾ ਭੁਲਾਵਾਂ ਅਤੇ ਆਪ ਜੀ ਦਾ ਦਰਸ਼ਨ ਹਮੇਸ਼ਾ ਦਿਲ ਵਿਚ ਧਿਆਨ ਕਰਕੇ ਕਰਦਾ ਰਹਾਂ। ਸਤਿਗੁਰੂ ਜੀ! ਅੱਗੇ ਚੁਮਾਸਾ ਆ ਗਿਆ ਹੈ, ਰਸਤੇ ਵਿੱਚ ਬਹੁਤ ਪਾਣੀ ਹੋ ਜਾਵੇਗਾ, ਫਿਰ ਚਲਿਆ ਵੀ ਨਹੀਂ ਜਾਣਾ ਅਤੇ ਮੇਰਾ ਘਰ ਵੀ ਬਹੁਤ ਦੂਰ ਹੈ। ਸਤਿਗੁਰ ਜੀ! ਮੈਨੂੰ ਸੇਵਕ ਜਾਣ ਕੇ ਸਦਾ ਯਾਦ ਰੱਖਣਾ, ਮੈਨੂੰ ਭੁਲਾਣਾ ਨਾ। ਮੱਖਣ ਸ਼ਾਹ ਦੇ ਬਚਨ ਸੁਣ ਕੇ ਸਤਿਗੁਰੂ ਤੇਗ ਬਹਾਦਰ ਸਾਹਿਬ ਬੜੇ ਪ੍ਰਸੰਨ ਹੋਏ ਅਤੇ ਮੱਖਣ ਸ਼ਾਹ ਨੂੰ ਵਰ ਦਿੱਤਾ ਕਿ ਮੱਖਣ ਸ਼ਾਹ! ਤੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਹੋ ਗਿਆ ਹੈ, ਇਸ ਲਈ ਤੇਰਾ ਜੰਮਣਾ ਤੇ ਮਰਨਾ ਕੱਟਿਆ ਗਿਆ ਹੈ। ਰਾਤ ਦਿਨ ਗੁਰਬਾਣੀ ਦਾ ਪਾਠ ਕਰਨਾ ਤੇ ਸਤਿਨਾਮ ਦਾ ਸਿਮਰਨ ਕਰਨਾ, ਤੇਰੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਵੇਗੀ। ਜੋ ਮਨ ਕਰ ਕੇ ਮਿਲ ਜਾਂਦਾ ਹੈ, ਉਹ ਸਦਾ ਹੀ ਮਿਲਿਆ ਰਹਿੰਦਾ ਹੈ। ਉਸਦਾ ਵਿਛੋੜਾ ਫਿਰ ਕਦੇ ਨਹੀਂ ਹੁੰਦਾ। ਤੂੰ ਸਾਡੇ ਮਨ ਨਾਲ ਮਨ ਕਰ ਕੇ ਮਿਲ ਗਿਆ ਹੈ। ਇਸ ਲਈ ਤੂੰ ਸਾਡੇ ਨਾਲੋਂ ਵਿਛੜੇਂਗਾ ਨਹੀਂ। ਇਹ ਸਰੀਰ ਤੇ ਦੁਨੀਆਂ ਦੇ ਪਦਾਰਥ ਤਾਂ

ਨਾਸ਼ ਹੋ ਜਾਣ ਵਾਲੇ ਹਨ। ਉਸ ਵਿੱਚ ਆਪਣੇ ਮਨ ਨੂੰ ਟਿਕਾਉ, ਜੋ ਸਦਾ ਸਥਿਰ ਰਹਿੰਦਾ ਹੈ।

ਇਸ ਤਰ੍ਹਾਂ ਸੁੰਦਰ ਉਪਦੇਸ਼ ਦੇ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜਦੋਂ ਮੱਖਣ ਸ਼ਾਹ ਉਤੇ ਆਪਣੀ ਮਹਾਨ ਖੁਸ਼ੀ ਪ੍ਰਗਟ ਕੀਤੀ ਤਾਂ ਮੱਖਣ ਸਾਹ ਗਦ-ਗਦ ਹੋ ਗਿਆ। ਸਤਿਗੁਰਾਂ ਦੇ ਚਰਨਾਂ ਉਤੇ ਸੀਸ ਰੱਖਿਆ। ਪ੍ਰੇਮ ਦੇ ਵੱਸ ਹੋਏ ਪਾਸੋਂ ਚਰਨ ਛੱਡੇ ਨਹੀਂ ਗਏ ਤੇ ਹੱਥਾਂ ਨਾਲ ਬਾਰ ਬਾਰ ਸਤਿਗੁਰਾਂ ਦੇ ਚਰਨਾਂ ਨੂੰ ਪਲੋਸ ਕੇ ਚਰਨ ਧੂੜ ਆਪਣੇ ਮੱਥੇ ਤੇ ਲਾਉਣ ਲੱਗਾ। ਚਿਰ ਪਿਛੋਂ ਸਤਿਗੁਰਾਂ ਪਿਆਰ ਤੇ ਧੀਰਜ ਦੇ ਕੇ ਛੁਡਾਏ ਅਤੇ ਬਹੁਤ ਮੁੱਲ ਦਾ ਸਰੋਪਾ ਮੰਗਵਾ ਕੇ ਮੱਖਣ ਸ਼ਾਹ ਨੂੰ ਬਖਸ਼ਿਸ ਕੀਤੀ। ਮੱਖਣ ਸ਼ਾਹ ਨੇ ਬੜੇ ਪਿਆਰ ਨਾਲ ਤੇ ਸਤਿਕਾਰ ਨਾਲ ਸਰੋਪਾ ਦੇ ਕੇ ਆਪਣੇ ਸੀਸ ਤੇ ਰੱਖਿਆ। ਅੱਖਾਂ ਵਿੱਚੋਂ ਪ੍ਰੇਮ ਦੇ ਹੰਝੂ ਜ਼ਾਰੋ-ਜ਼ਾਰ ਵਗ ਰਹੇ ਸਨ। ਫਿਰ ਸਤਿਗੁਰਾਂ ਦੇ ਚਰਨਾਂ ਉਤੇ ਸਿਰ ਰੱਖ ਕੇ ਨਮਸਕਾਰ ਕੀਤੀ। ਸਤਿਗੁਰਾਂ ਪਾਸੋਂ ਆਗਿਆ ਲੈ ਕੇ ਵਿਦਿਆ ਹੋਇਆ। ਮਨੋ ਸਤਿਗੁਰਾਂ ਨਾਲੋਂ ਵਿਛੜਨਾ ਨਹੀਂ ਸੀ ਚਾਹੁੰਦਾ। ਬਾਰ-ਬਾਰ ਪਿਛਾਂਹ ਸਤਿਗੁਰਾਂ ਵੱਲ ਵੇਖਦਾ, ਹੌਲੀ-ਹੌਲੀ ਚਲਕੇ ਆਪਣੇ ਡੇਰੇ ਆਇਆ। ਆਪਣਾ ਸਾਰਾ ਸਾਜ ਸਮਾਨ ਤਿਆਰ ਕਰਵਾ ਕੇ ਸੂਰਮਿਆਂ ਤੇ ਸੇਵਾਦਾਰਾਂ ਨੂੰ ਨਾਲ ਲੈ ਕੇ ਸਤਿਗੁਰਾਂ ਨੂੰ ਯਾਦ ਕਰਦਾ ਰਸਤੇ ਪਿਆ। ਰਸਤੇ ਵਿੱਚ ਵੀ ਸਤਿਗੁਰਾਂ ਦਾ ਜੱਸ ਕਰਦਿਆਂ ਸਹੀ ਸਲਾਮਤ ਆਪਣੇ ਘਰ ਪੁੱਜ ਗਿਆ।

ਇਸ ਤਰ੍ਹਾਂ ਬੜਾ ਸਿਦਕ ਤੇ ਭਰੋਸਾ ਰੱਖ ਕੇ, ਬੜੀ ਸਿਆਣਪ ਤੇ ਸ਼ਰਧਾ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਪ੍ਰਗਟ ਕਰਕੇ ਮੱਖਣ ਸ਼ਾਹ ਨੇ ਸਿੱਖ ਸੰਗਤਾਂ ਉਤੇ ਭਾਰੀ ਪਰਉਪਕਾਰ ਕੀਤਾ। ਬਾਬਾ ਮੱਖਣ ਸ਼ਾਹ ਜੀ ਦਾ ਇਹ ਕਾਰਨਾਮਾ ਸਿੱਖ ਜਗਤ ਵਿੱਚ ਰਹਿੰਦੀ ਦੁਨੀਆਂ ਤੱਕ ਯਾਦ ਰਹੇਗਾ। ਬਾਬਾ ਮੱਖਣ ਸ਼ਾਹ ਸਤਿਗੁਰਾਂ ਨੂੰ ਪ੍ਰਗਟ ਕਰਕੇ ਲੁਬਾਣਾ ਬਰਾਦਰੀ ਦਾ ਨਾਮ ਵੀ ਸੰਸਾਰ ਵਿੱਚ ਰੌਸ਼ਨ ਕਰ ਗਏ ਹਨ। ਆਪ ਦਾ ਨਾਮ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਗਿਆ ਹੈ। ਆਪ ਜੀ ਸੰਤਾਨ, ਜੋ ਜ਼ਿਲ੍ਹਾ ਸਿਆਲ ਕੋਟ ਤੇ ਪਿੰਡ ਰਾਜੇ ਵਿੱਚ ਰਹਿੰਦੇ ਸਨ, ਹੁਣ ਪਾਕਿਸਤਾਨ ਬਣਨ ਨਾਲ, ਕੁਝ ਜ਼ਿਲ੍ਹਾ ਕਪੂਰਥਲਾ ਵਿੱਚ ਆ ਵੱਸੇ ਹਨ, ਕੁਝ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਤੇ ਕੁਝ ਰਾਜੌਰੀ ਰਿਆਸਤ ਜੰਮੂ ਵਿੱਚ ਇਨ੍ਹਾਂ ਦੀ ਸੰਤਾਨ ਦਾ ਸਤਿਕਾਰ ਲੁਬਾਣਾ ਬਰਾਦਰੀ ਵਿੱਚ ਬਹੁਤ ਰਿਹਾ ਹੈ। ਜੋ ਰਾਮਦਾਸ ਕਰਕੇ ਜਾਣੇ ਜਾਂਦੇ ਸਨ।

## ਲੱਖੀ ਸ਼ਾਹ ਲੁਬਾਣਾ

ਬਾਬਾ ਲੱਖੀ ਸ਼ਾਹ ਲੁਬਾਣਾ ਦਿੱਲੀ ਦੇ ਨੇੜੇ ਰਜਿ ਗੰਜ ਨਗਰ ਵਿੱਚ ਰਹਿੰਦਾ ਸੀ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਆਪ ਦਾ ਸੀਸ ਤਾਂ ਭਾਈ ਜੈਤਾ ਜੀ ਲੈ ਕੇ ਸ੍ਰੀ ਆਨੰਦਪੁਰ ਸਾਹਿਬ ਪੁੱਜ ਗਏ ਪਰ ਸਤਿਗੁਰਾਂ ਦਾ ਧੜ ਚਾਂਦਨੀ ਚੌਕ ਵਿੱਚ ਇਕ ਬੋਹੜ ਦੇ ਦਰੱਖਤ ਹੇਠ ਪਿਆ ਰਿਹਾ। ਔਰੰਗਜ਼ੇਬ ਨੇ ਬਦਨੀਤੀ ਨਾਲ ਢੰਡੋਰਾ ਫਿਰਾਇਆ ਕਿ ਜਿਹੜਾ ਕੋਈ ਗੁਰੂ ਦਾ ਸਿੱਖ ਹੈ, ਉਹ ਗੁਰੂ ਦਾ ਧੜ ਲੈ ਜਾਵੇ। ਬਾਦਸ਼ਾਹ ਦੇ ਮਨ ਵਿੱਚ ਬੇਈਮਾਨੀ ਸੀ ਕਿ ਜਿਹੜਾ ਗੁਰੂ ਕਾ ਸਿੱਖ ਧੜ ਲੈਣ ਲਈ ਆਵੇਗਾ, ਉਸ ਨੂੰ ਵੀ ਮੌਤ ਦੇ ਘਾਟ ਉਤਾਰਿਆ ਜਾਵੇਗਾ। ਇਸ ਤਰ੍ਹਾਂ ਸਖਤ ਹੁਕਮ ਦੇ ਕੇ ਪਹਿਰੇਦਾਰਾਂ ਨੂੰ ਧੜ ਦੀ ਰਾਖੀ ਲਈ ਖੜੇ ਕਰ ਦਿੱਤਾ। ਕਿਸੇ ਦਾ ਹੌਂਸਲਾ ਨਾ ਪਿਆ ਤੇ ਕੋਈ ਸਿੱਖ ਸਤਿਗੁਰਾਂ ਦਾ ਧੜ ਲਿਜਾ ਕੇ ਸਸਕਾਰ ਕਰ ਸਕੇ।

ਐਸੇ ਭਿਆਨਕ ਸਮੇਂ ਵਿੱਚ ਲੱਖੀ ਸ਼ਾਹ ਲੁਬਾਣਾ, ਜੋ ਬੜਾ ਵੱਡਾ ਵਪਾਰੀ ਸੀ, ਜਿਸ ਦੇ ਪਾਸ ਬਹੁਤ ਸਾਰੇ ਬਲਦ ਅਤੇ ਗੱਡੇ ਸਨ। ਉਸਨੂੰ ਗੁਰੂ ਜੀ ਨੇ ਹੀ ਧੜ ਦੇ ਸਸਕਾਰ ਕਰਨ ਦੀ ਪ੍ਰੇਰਨਾ ਕੀਤੀ। ਭਾਈ ਸੰਤੋਖ ਸਿੰਘ ਜੀ ਗੁਰਪ੍ਰਤਾਪ ਸੂਰਜ ਵਿੱਚ ਇਸ ਤਰ੍ਹਾਂ ਲਿਖਦੇ ਹਨ-

**ਹੁਤੋ ਲੁਬਾਣਾ ਸਿਖ ਤਹਿ ਬ੍ਰਿਖਭ ਬਲਦ ਜਹਿ ਪਾਸ।**
**ਗਿਨਤੀ ਬਿਖੈ ਹਜ਼ਾਰ ਦਸ ਨਿਕਟ ਰਖੈ ਗਨ ਦਾਸ।**

ਅਰਥਾਤ ਕਿ ਦਿੱਲੀ ਵਿੱਚ ਇੱਕ ਲੁਬਾਣਾ ਸਿੱਖ ਰਹਿੰਦਾ ਸੀ, ਜਿਸ ਦਾ ਨਾਮ ਲੱਖੀ ਸ਼ਾਹ ਪ੍ਰਸਿੱਧ ਸੀ। ਉਸਦੇ ਪਾਸ ਦਸ ਹਜ਼ਾਰ ਬਲਦ ਸੀ। ਆਪਣੇ ਪਾਸ ਬਹੁਤ ਸਾਰੇ ਨੌਕਰ ਤੇ ਸੇਵਕ ਰੱਖੇ ਹੋਏ ਸਨ। ਉਹ ਚਾਂਦਨੀ ਚੌਕ ਇਕੱਲਾ ਹੀ ਆਇਆ। ਆ ਕੇ ਕੀ ਵੇਖਿਆ ਕਿ ਸਤਿਗੁਰਾਂ ਦਾ ਧੜ ਦਰੱਖਤ ਹੇਠ ਪਿਆ ਹੈ। ਬੜੇ ਢੱਠੇ ਦਿਲ ਨਾਲ ਆਪਣੇ ਆਪ ਨੂੰ ਲਾਹਨਤ ਪਾਉਣ ਲੱਗਾ ਕਿ ਅਸੀਂ ਸਤਿਗੁਰਾਂ ਦੇ ਸ਼ਹੀਦ ਹੋਣ ਤੋਂ ਪਹਿਲਾਂ ਆਪਣੇ ਪ੍ਰਾਣ ਕਿਉਂ ਨਾ ਦੇ ਦਿੱਤੇ। ਬਾਦਸ਼ਾਹ ਨੇ ਡੌਂਡੀ ਪਿਟਾਈ ਸੀ ਕਿ ਕੋਈ ਗੁਰੂ ਦਾ ਸਿੱਖ ਹੈ ਤਾਂ ਧੜ ਲੈ ਜਾਵੇ। ਅਸੀਂ ਕਿਸੇ ਨੇ ਨਹੀਂ ਮੰਨਿਆ ਕਿ ਅਸੀਂ ਗੁਰੂ ਦੇ ਸਿੱਖ ਹਾਂ ਤਾਂ ਕਿ ਬਾਦਸ਼ਾਹ ਸਾਨੂੰ ਮਰਵਾ ਨਾ ਦੇਵੇ।

ਇਸ ਤਰ੍ਹਾਂ ਸੋਚਦਿਆਂ ਸਤਿਗੁਰਾਂ ਦਾ ਧਿਆਨ ਕੀਤਾ, ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਹੇ ਸਤਿਗੁਰ ਜੀ ! ਦਾਸ ਨੂੰ ਬਲ ਬਖਸ਼ੋ। ਮੇਰੇ ਸਿਰ 'ਤੇ ਆਪਣੀ ਕਿਰਪਾ ਦਾ ਹੱਥ ਰੱਖੋ ਤਾਂ ਕਿ ਮੈਂ ਆਪ ਜੀ ਦੇ ਧੜ ਦੇ ਸਸਕਾਰ ਦੀ ਸੇਵਾ ਕਰ ਸਕਾਂ। ਚਾਂਦਨੀ ਚੌਕ ਵਿੱਚ ਚੁੱਪ-ਚੁਪੀਤੇ ਪਹਿਲੇ ਧੜ ਪਿਆ ਵੇਖ ਕੇ ਆਇਆ। ਫਿਰ ਆਪਣੇ ਸੇਵਾਦਾਰਾਂ ਨੂੰ ਕਹਿ ਕੇ ਆਪਣੇ ਗੱਡੇ ਅਤੇ ਬਲਦ ਇਕੱਠੇ ਕਰ ਲਏ। ਕੁਝ ਕੁ ਗੱਡਿਆਂ ਵਿੱਚ ਰੂੰ ਭਰ ਦਿੱਤੀ। ਪਹਿਲੇ ਗੱਡੇ ਤੌਰ ਦਿੱਤੇ ਤੇ ਗੱਡਿਆਂ ਵਾਲਿਆਂ ਨੂੰ ਸਮਝਾ ਦਿੱਤਾ ਕਿ ਤੁਸੀਂ ਚਾਂਦਨੀ ਚੌਕ ਥੋੜਾ ਜਿਹਾ ਅਟਕਣਾ ਹੈ।

ਉਧਰੋਂ ਜਮਨਾ ਦਰਿਆ ਵਾਲੇ ਪਾਸਿਉਂ ਬਲਦਾਂ ਦੀ ਭਾਰੀ ਕਤਾਰ ਵੀ ਸਿੱਧੀ ਚਾਂਦਨੀ ਚੌਕ ਹੀ ਹਿੱਕ ਦਿੱਤੀ। ਗੱਡਿਆਂ ਦਾ ਤੇ ਬਲਦਾਂ ਦਾ ਚਾਂਦਨੀ ਚੌਕ ਇਕੱਠ ਹੋ ਗਿਆ। ਉਧਰੋਂ ਹਨੇਰੀ ਬੜੇ ਜ਼ੋਰ ਨਾਲ ਚਲ ਰਹੀ ਸੀ। ਹਨੇਰੀ ਤੇ ਬਲਦਾਂ ਦੇ ਖੁਰਾਂ ਦੀ ਧੂੜ ਨੇ ਕਿਸੇ ਨੂੰ ਕੁਝ ਨਜ਼ਰ ਨਾ ਆਉਣ ਦਿੱਤਾ। ਪਹਿਰੇਦਾਰ ਵੀ ਆਪਣੀਆਂ ਅੱਖਾਂ ਮਲਦੇ ਆਪਣੀ ਥਾਂ ਤੋਂ ਇਕ ਪਾਸੇ ਹੋ ਗਏ, ਬਲਦਾਂ ਨੂੰ ਤੋਰਨ ਵਾਲੇ ਲੁਬਾਣੇ ਉੱਚੀਆਂ ਉੱਚੀਆਂ ਆਵਾਜ਼ਾਂ ਦੇ ਰਹੇ ਹਨ ਕਿ ਹਟ ਜਾਉ, ਹਟ ਜਾਉ। ਜਦੋਂ ਵੇਖਿਆ ਕਿ ਸਤਿਗੁਰਾਂ ਦੀ ਮਾਇਆ ਨੇ ਇਨ੍ਹਾਂ ਸਭ ਦੁਸ਼ਟਾਂ ਦੀ ਮੱਤ ਮਾਰ ਦਿੱਤੀ ਹੈ ਤੇ ਸਤਿਗੁਰਾਂ ਦੇ ਧੜ ਵਿੱਚ ਇਨ੍ਹਾਂ ਦੀ ਨਜ਼ਰ ਨਹੀਂ ਰਹੀ ਤਾਂ ਉਸ ਵਕਤ ਵੰਜ ਆਦਮੀਆਂ ਨੇ ਝਟਪਟ ਬੜੇ ਸਤਿਕਾਰ ਨਾਲ ਸਤਿਗੁਰਾਂ ਦਾ ਧੜ ਇੱਕ ਰੂੰ ਵਾਲੇ ਗੱਡੇ ਵਿੱਚ ਰੱਖਕੇ ਬਹੁਤ ਸਾਰੇ ਰੂੰ ਵਿੱਚ ਲਪੇਟ ਕੇ ਉਤੇ ਹੋਰ ਰੂੰ ਪਾ ਕੇ ਚੰਗੀ ਤਰ੍ਹਾਂ ਕੱਜ ਦਿੱਤਾ। ਸਤਿਗੁਰਾਂ ਦਾ ਮਨ ਵਿੱਚ ਧਿਆਨ ਕਰਕੇ ਬਲਦ ਤੇ ਗੱਡੇ ਇੱਕੋ ਵਾਰ ਤੋਰ ਦਿੱਤੇ। ਹਨੇਰੀ ਬੜੇ ਜ਼ੋਰ ਨਾਲ ਚੱਲ ਰਹੀ ਸੀ। ਜਦੋਂ ਗੱਡੇ ਤੇ ਬਲਦ ਦਰਵਾਜ਼ੇ ਤੋਂ ਬਾਹਰ ਹੋ ਗਏ ਤਾਂ ਸਿਪਾਹੀ ਨੱਠੇ ਆਏ। ਬੜੇ ਹੈਰਾਨ ਹੋਏ ਤੇ ਬੜੇ ਗੁੱਸੇ ਵਿੱਚ ਕਹਿਣ ਲੱਗੇ ਕਿ ਤੁਹਾਡੇ ਗੱਡਿਆਂ ਵਿੱਚ ਧੜ ਹੈ। ਪਰ ਤਲਾਸ਼ੀ ਲੈ ਕੇ, ਝਖ ਮਾਰ ਕੇ ਸ਼ਰਮਿੰਦੇ ਹੋ ਕੇ ਵਾਪਸ ਮੁੜ ਗਏ। ਧੜ ਦਾ ਕੋਈ ਪਤਾ ਨਾ ਲੱਗਾ।

ਬਾਦਸ਼ਾਹ ਨੂੰ ਜਾ ਕੇ ਰਿਪੋਰਟ ਦਿੱਤੀ ਕਿ ਬਾਦਸ਼ਾਹ ਸਲਾਮਤ! ਜਿਸ ਤਰ੍ਹਾਂ ਅੱਗੇ ਗੁਰੂ ਦਾ ਸਿਰ ਗਾਇਬ ਹੋ ਗਿਆ ਸੀ, ਉਸੇ ਤਰ੍ਹਾਂ ਹੁਣ ਉਨ੍ਹਾਂ ਦਾ ਧੜ ਵੀ ਗਾਇਬ ਹੋ ਗਿਆ ਹੈ। ਬਾਦਸ਼ਾਹ ਨੂੰ ਸੁਣ ਕੇ ਹੌਲ ਪੈ ਗਿਆ। ਪਾਪੀ ਜਦੋਂ ਰਾਤ ਨੂੰ ਪਲੰਘ ਤੇ ਸੁੱਤਾ ਤਾਂ ਭਾਈ ਮਤੀ ਦਾਸ ਜੀ, ਜਿਸ ਨੂੰ ਇੱਥੇ ਪਹਿਲੇ ਸ਼ਹੀਦ ਕੀਤਾ ਸੀ, ਇਸ ਦੇ ਪਲੰਘ ਦੀ ਬਾਹੀ ਨੂੰ ਫੜ ਕੇ ਪਲੰਘ ਉਲਟਾ ਕੇ ਉਸਨੂੰ ਹੇਠਾਂ ਸੁੱਟ ਦਿੱਤਾ।

ਫਿਰ ਔਰੰਗਜ਼ੇਬ ਦੇ ਕੰਨਾਂ ਵਿੱਚ ਇਹ ਸ਼ਬਦ ਪਏ ਕਿ ਜੇਕਰ ਤੂੰ ਹੁਣ ਦਿੱਲੀ ਵਿੱਚ ਰਹੇਂਗਾ, ਤਾਂ ਤੂੰ ਆਪਣੇ ਪ੍ਰਾਣ ਖਤਮ ਸਮਝੀਂ। ਦਿੱਲੀ ਤੋਂ ਬਾਹਰ ਚਲਾ ਜਾਹ ਤੇ ਜਿਤਨੇ ਤੇਰੇ ਸੁਆਸ ਹਨ, ਪੂਰੇ ਕਰਕੇ ਫਿਰ ਅੱਗੇ ਨਰਕਾਂ ਵਿੱਚ ਜਾ ਕੇ ਸਜ਼ਾ ਭੋਗੀਂ। ਇਸ ਤੇ ਪਿਛੋਂ ਫਿਰ ਔਰੰਗਜ਼ੇਬ ਨੂੰ ਦਿੱਲੀ ਵਿੱਚ ਸੌਣ ਨਸੀਬ ਨਹੀਂ ਹੋਇਆ। ਦਿੱਲੀ ਛੱਡ ਕੇ ਚਲਾ ਗਿਆ ਅਤੇ ਅਖੀਰ ਨੌਰੰਗਾਬਾਦ ਦੱਖਣ ਵਿੱਚ ਉਸ ਦੀ ਮੌਤ ਹੋ ਗਈ।

ਲੱਖੀ ਸ਼ਾਹ ਸਾਰੇ ਗੱਡਿਆਂ ਦਾ ਤੇ ਬੈਲਾਂ ਦਾ ਕਾਫਲਾ ਲੈ ਕੇ ਰਕਾਬ ਗੰਜ ਪੁੱਜ ਗਿਆ। ਥੋੜ੍ਹਾ ਜਿਹਾ ਦਿਨ ਰਹਿੰਦਾ ਸੀ। ਸੋਚ ਕੇ ਇੱਕ ਛੱਪਰ ਦੇ ਵਿੱਚ ਹੀ ਚਿਖਾ ਬਣਾ ਕੇ ਸਤਿਗੁਰਾਂ ਦਾ ਧੜ ਉਸ ਤੇ ਰੱਖਿਆ ਤੇ ਉੱਪਰ ਲੱਕੜਾ ਰੱਖ ਕੇ ਬਹੁਤ ਸਾਰਾ ਘਿਉ ਉੱਤੇ ਪਾ ਦਿੱਤਾ ਤੇ ਸਤਿਗੁਰਾਂ ਦੇ ਚਰਨਾਂ ਵਿੱਚ ਹੱਥ ਜੋੜ ਕੇ ਅਰਦਾਸ ਕਰਕੇ ਲਾਂਬੂ ਲਾ ਦਿੱਤਾ। ਜਦੋਂ ਅੱਧਾ ਕੁ ਸਸਕਾਰ ਹੋ ਗਿਆ ਤਾਂ ਰੌਲਾ ਪਾ ਦਿੱਤਾ ਕਿ "ਸੜ ਗਏ ਓ ਸੜ ਗਏ" ਇੱਧਰ ਉਧੜ ਦੌੜਨ ਫਿਰਨ ਲੱਗੇ ਕਿ ਅੱਗ ਬੁਝਾਉਣ ਦਾ ਜਤਨ ਕਰਦੇ ਪ੍ਰਤੀਤ ਹੋਣ। ਇਸ ਤਰ੍ਹਾਂ ਰਾਤੋ ਰਾਤੇ ਧੜ ਦਾ ਸਸਕਾਰ ਹੋ ਗਿਆ। ਪ੍ਰਭਾਵ ਵੇਲੇ ਹੀ ਅੰਗੀਠਾ ਪਾਣੀ ਨਾਲ ਠੰਢਾ ਕਰ ਲਿਆ। ਸਮੇਤ ਫੁੱਲਾਂ ਦੇ ਸਾਰੀ ਬਿਭੂਤੀ ਦੋ ਤਰੀਮੇ ਦੀਆਂ ਗਾਗਰਾਂ ਵਿੱਚ ਪਾ ਕੇ ਉਥੇ ਹੀ ਟੋਇਆ ਕੱਢ ਕੇ ਦੱਬ ਦਿੱਤੀਆਂ। ਕੜਾਹ ਪ੍ਰਸ਼ਾਦ ਕਰਕੇ ਅਰਦਾਸ ਕੀਤੀ ਤੇ ਸਤਿਗੁਰਾਂ ਦਾ ਕੋਟਾਨ-ਕੋਟ ਧੰਨਵਾਦ ਕੀਤਾ, ਜਿਨ੍ਹਾਂ ਨੇ ਆਪਣੇ ਧੜ ਦੀ ਸੰਭਾਲ ਆਪ ਹੀ ਕਿਰਪਾ ਕਰਕੇ ਕਰਵਾਈ। ਇਸੇ ਅਸਥਾਨ ਤੇ ਕੁਝ ਸਮੇਂ ਪਿੱਛੋਂ ਇੱਕ ਛੱਪਰ ਪਾ ਦਿੱਤਾ ਅਤੇ ਦੀਵਾ ਜਗਾਉਂਦੇ ਰਹੇ। ਇਸ ਤਰ੍ਹਾਂ ਨਾਲ ਬੜੀ ਭਾਰੀ ਸਿਆਣਪ ਤੇ ਬਹਾਦਰੀ ਨਾਲ ਅਜਿਹੇ ਭਿਆਨਕ ਸਮੇਂ ਵਿੱਚ ਸਤਿਗੁਰਾਂ ਦੇ ਧੜ ਦਾ ਸਸਕਾਰ ਕਰਕੇ ਸਤਿਗੁਰੂ ਜੀ ਦੀ ਮਹਾਨ ਖੁਸ਼ੀ ਪ੍ਰਾਪਤ ਕੀਤੀ। ਆਪਣਾ ਅਤੇ ਆਪਣੀ ਬਰਾਦਰੀ ਲੁਬਾਣਾ ਕੌਮ ਦਾ ਸੰਸਾਰ ਵਿੱਚ ਨਾਮ ਉਜਲ ਕਰ ਗਏ।

ਧੜ ਦਾ ਸਸਕਾਰ ਕਰਨ ਪਿੱਛੋਂ ਜਦੋਂ ਸ੍ਰੀ ਅਨੰਦਪੁਰ ਸਾਹਿਬ ਕਲਗੀਧਰ ਪਿਤਾ ਜੀ ਦੇ ਦਰਸ਼ਨ ਕਰਨ ਲਈ ਪੁੱਜੇ ਤਾਂ ਸਤਿਗੁਰਾਂ ਨੇ ਪੁੱਛਿਆ ਕਿ ਐ ਗੁਰੂ ਕੇ ਸਿੱਖ! ਸਤਿਗੁਰਾਂ ਦੇ ਧੜ ਦਾ ਸਸਕਾਰ ਕਿਸ ਤਰ੍ਹਾਂ ਕੀਤਾ ਸੀ? ਬਾਬਾ ਲੱਖੀ ਸ਼ਾਹ ਨੇ ਧੜ ਦਾ ਸਸਕਾਰ ਕਰਨ ਸਾਰਾ ਹਾਲ ਵਿਸਥਾਰ ਨਾਲ ਦੱਸਿਆ। ਸੁਣ ਕੇ ਕਲਗੀਧਰ ਪਿਤਾ ਬੜੇ ਪ੍ਰਸੰਨ ਹੋਏ ਤੇ ਲੱਖੀ ਸ਼ਾਹ ਨੂੰ ਕਈ ਵਰ ਦਿੱਤੇ ਤੇ ਕਿਹਾ ਕਿ ਤੇਰਾ ਜੰਮਨ ਮਰਨ ਕੱਟਿਆ ਗਿਆ, ਤੂੰ ਬੜਾ ਵਧੇਂ ਫੁੱਲੇਂਗਾ। ਤੇਰਾ ਨਾਮ ਸੰਸਾਰ ਵਿੱਚ ਅਟੱਲ ਰਹੇਗਾ, ਤੇਰੇ ਖਾਨਦਾਨ ਵਿੱਚ ਅੱਗੇ ਬੜੇ ਸੂਰਮੇ ਪੈਦਾ ਹੋਣਗੇ।

ਸੰਮਤ 1847 ਮੁਤਾਬਕ 1790 ਈਸਵੀਂ ਵਿੱਚ ਸ: ਬਘੇਲ ਸਿੰਘ ਨੇ ਇਸ ਅਸਥਾਨ ਤੇ ਇੱਕ ਛੋਟਾ ਜਿਹਾ ਗੁਰਦੁਆਰਾ ਬਣਾਇਆ ਸੀ। ਇਸ ਗੁਰਦੁਆਰੇ ਦਾ ਨਾਮ ਹੀ ਗੁਰਦੁਆਰਾ ਰਕਾਬ ਗੰਜ ਮਸ਼ਹੂਰ ਹੋ ਗਿਆ, ਜੋ ਨਵੀਂ ਦਿੱਲੀ ਵਿੱਚ ਹੁਣ ਪਾਰਲੀਮੈਂਟ ਹਾਊਸ ਦੇ ਪਾਸ ਬੜੀ ਸ਼ਾਨਦਾਰ ਬਿਲਡਿੰਗ ਨਾਲ ਸੁਭਾਇਮਾਨ ਹੋ ਰਿਹਾ ਹੈ।

## ਭਾਈ ਭਗਵੰਤ ਸਿੰਘ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਧੂਰੇ ਕੰਮ ਨੂੰ ਪੂਰੇ ਕਰਨ ਲਈ ਬਾਬਾ ਬੰਦਾ ਬਹਾਦਰ ਜੀ ਨੂੰ ਜਦੋਂ ਨਦੇੜ ਤੋਂ 5 ਅਕਤੂਬਰ 1708 ਈਸਵੀਂ ਨੂੰ ਵਿਦਿਆ ਕੀਤਾ। ਜਦੋਂ ਇਹ ਆਪਣੇ ਡੇਰੇ ਤੋਂ ਕੂਚ ਕਰਨ ਲੱਗੇ ਤਾਂ ਭਾਈ ਕੇਸਰ ਸਿੰਘ ਜੀ ਛਿੱਬਰ ਨੇ ਆਪਣੇ ਰਚੇ ਗਰੰਥ 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ' ਵਿੱਚ ਲਿਖਿਆ ਹੈ ਕਿ ਲੁਬਾਣਿਆਂ ਦਾ ਇੱਕ ਜਥਾ ਜਿਨ੍ਹਾਂ ਬਹੁਤ ਸਾਰਾ ਮਾਲ ਲੱਦਿਆ ਹੋਇਆ ਸੀ ਤੇ ਤੇ ਜਾ ਰਹੇ ਸਨ। ਬਾਬਾ ਬੰਦਾ ਬਹਾਦਰ ਜੀ ਨੇ ਆਪਣਾ ਸੇਵਕ ਭੇਜ ਕੇ ਇਨ੍ਹਾਂ ਦੇ ਨਾਇਕ ਨੂੰ ਬੁਲਾਇਆ ਤੇ ਪੁੱਛਿਆ ਕਿ ਤੁਸੀਂ ਕੌਣ ਹੋ, ਕਿੱਥੋਂ ਆਏ ਹੋ ਤੇ ਕਿੱਥੇ ਜਾਣਾ ਹੈ? ਉਨ੍ਹਾਂ ਜੁਆਬ ਦਿੱਤਾ-ਜੀ ਅਸੀਂ ਵਪਾਰੀ ਹਾਂ, ਸਾਨੂੰ ਸਾਰਾ ਜਹਾਨ ਜਾਣਦਾ ਹੈ। ਬੰਦਾ ਬਹਾਦਰ ਨੇ ਕਿਹਾ-ਸੱਚ ਕਿਉਂ ਨਹੀਂ ਕਹਿੰਦੇ? ਇਨ੍ਹਾਂ ਫਿਰ ਉੱਤਰ ਦਿੱਤਾ ਕਿ ਅਸੀਂ ਲੁਬਾਣੇ ਹਾਂ ਤੇ ਵਪਾਰੀ ਹਾਂ।

ਬਾਬਾ ਬਹਾਦਰ ਜੀ ਨੇ ਬਹੁਤ ਗੁੱਸੇ ਵਿੱਚ ਆ ਕੇ ਕਿਹਾ ਕਿ ਸੱਚ ਕਿਉਂ ਨਹੀਂ ਬੋਲਦੇ, ਸੱਚ ਬੋਲੋ। ਇਨ੍ਹਾਂ ਫਿਰ ਕਿਹਾ-ਜੀ ਅਸੀਂ ਲੁਬਾਣੇ, ਗੁਰੂ ਕੇ ਸਿੱਖ ਹਾਂ ਤੇ ਵਪਾਰੀ ਹਾਂ। ਬਾਬਾ ਬੰਦਾ ਬਹਾਦਰ ਜੀ ਨੇ ਕਿਹਾ-ਤੁਸੀਂ ਗੁਰੂ ਦੇ ਸਿੱਖ ਕਿਸ ਤਰ੍ਹਾਂ ਹੋਏ, ਜਿਹੜਾ ਗੁਰੂ ਦਾ ਸਿੱਖ ਹੋ ਕੇ ਗੁਰੂ ਦਾ ਵੈਰ ਨਾ ਲਵੇ, ਉਹ ਗੁਰੂ ਦਾ ਸਿੱਖ ਕਿਸ ਤਰ੍ਹਾਂ ਹੋ ਸਕਦਾ ਹੈ! ਉਨ੍ਹਾਂ ਕਿਹਾ ਕਿ-ਜੀ ਅਸੀਂ ਮਾੜੇ ਹਾਂ, ਨਿਰਬਲ ਹਾਂ। ਤੁਰਕ ਬੜੀ ਤਾਕਤ ਵਾਲਾ ਹੈ। ਬਾਬਾ ਜੀ ਨੇ ਕਿਹਾ-ਤੁਸੀਂ ਤਕੜੇ ਹੋਵੋ। ਮੈਂ ਤੁਹਾਡੇ ਨਾਲ ਚੜ੍ਹਾਂਗਾ। ਲੁਬਾਣੇ ਸਿੱਖਾਂ ਨੇ ਕਿਹਾ-ਜੀ ਅਸੀਂ ਮਾਲ ਵੇਚ ਕੇ ਤੁਹਾਡੇ ਪਾਸ ਪੁੱਜ ਜਾਵਾਂਗੇ। ਬਾਬਾ ਜੀ ਨੇ ਕਿਹਾ ਕਿ ਮਾਲ ਵੇਚ ਕੇ ਸ਼ਸਤਰ ਲੈ ਕੇ ਜਲਦੀ ਪੁੱਜ ਜਾਣਾ। ਇਹ ਆਪਣੇ ਘਰ ਪੁੱਜੇ, ਸਲਾਹ ਕੀਤੀ ਤੇ ਟੱਬਰਾਂ ਨੂੰ ਪਹਾੜਾਂ ਵਿੱਚ ਛੱਡ ਆਏ ਤੇ ਮਾਲ ਵੇਚ ਕੇ ਸਭ ਤੋਂ ਪਹਿਲਾਂ ਇਹ ਤਿੰਨੇ ਲੁਬਾਣੇ-ਕੌਰ ਸਿੰਘ, ਬਾਜ ਸਿੰਘ ਤੇ ਭਗਵੰਤ ਸਿੰਘ, ਬਾਬਾ ਬੰਦਾ ਬਹਾਦਰ ਜੀ ਦੇ ਨਾਲ ਜੰਗ ਕਰਨ ਲਈ ਸ਼ਾਮਲ ਹੋਏ। ਜੰਗ ਕਰਕੇ ਸਢੌਰਾ, ਸਰਹਿੰਦ ਆਦਿ ਕਈ ਵੱਡੇ ਵੱਡੇ ਕਸਬੇ ਫਤਹਿ ਕੀਤੇ। ਕਬਰਾਂ ਵਿੱਚੋਂ ਕੱਢ-ਕੱਢ ਕੇ ਕਈ ਤੁਰਕ ਸਾੜੇ। ਕਈ ਪਿੰਡਾਂ ਵਿੱਚ ਮਾਰੋ-ਮਾਰ ਕਰਦੇ ਪੈ ਗਏ। ਇਸ ਤਰ੍ਹਾਂ ਬਾਬਾ ਬੰਦਾ ਬਹਾਦਰ ਜੀ ਦੀ ਧਾਂਕ ਪੈ ਗਈ। ਬਾਬਾ ਜੀ ਦੀ ਬਹਾਦਰੀ ਦੀਆਂ ਖਬਰਾਂ ਸੁਣ ਕੇ ਬਹੁਤ ਸਾਰੇ ਸਿੱਖ ਬਾਬਾ ਜੀ ਦੀ ਫੌਜ ਵਿੱਚ ਸ਼ਾਮਲ ਹੋ ਗਏ। ਰਤਨ ਸਿੰਘ ਭੰਗੂ ਨੇ ਵੀ ਆਪਣੇ ਪੰਥ ਪ੍ਰਕਾਸ਼ ਵਿੱਚ ਇਸ ਤਰ੍ਹਾਂ ਲਿਖਿਆ ਹੈ:

**ਪਹਿਲੇਂ ਸਿਖ ਵਣਜਾਰੇ ਰਲੇ।**
**ਫੜ ਹੱਥ ਬਰਛੇ ਬਉਲੇ ਲਦ ਭਲੇ।**

ਇਸ ਤਰ੍ਹਾਂ ਪੁਰਾਣੇ ਇਤਿਹਾਸਕਾਰਾਂ ਦੇ ਲਿਖੇ ਅਨੁਸਾਰ ਸਭ ਤੋਂ ਪਹਿਲਾਂ ਬਾਬਾ ਬੰਦਾ ਬਹਾਦਰ ਜੀ ਦੇ ਨਾਲ ਜੰਗ ਦੇ ਮੈਦਾਨ ਵਿੱਚ ਜੂਝਣ ਲਈ ਭਗਵੰਤ ਸਿੰਘ ਵਣਜਾਰਾ ਆਪਣੇ ਸਾਥੀਆਂ ਸਮੇਤ ਪੁੱਜਾ। ਇਤਿਹਾਸਕਾਰ ਲਿਖਦੇ ਹਨ ਕਿ ਭਗਵੰਤ ਸਿੰਘ ਬੜਾ ਭਾਰੀ ਸੂਰਮਾ ਸੀ। ਇਸ ਨੂੰ ਔਰੰਗਜ਼ੇਬ ਵੱਲੋਂ ਪੰਜ-ਹਜ਼ਾਰੀ ਦਾ ਖਿਤਾਬ ਮਿਲਿਆ ਹੋਇਆ ਸੀ। ਇਸੇ ਕਾਰਨ ਕਰਕੇ ਇਹ ਬਾਦਸ਼ਾਹ ਵੱਲੋਂ ਬਾਗੀ ਹੋ ਗਿਆ ਸੀ. ਇਸ ਦਾ ਪਹਿਲਾ ਨਾਮ ਭਾਗੂ ਵਣਜਾਰਾ ਹੀ ਸੀ, ਪਰ ਅੰਮ੍ਰਿਤ ਛਕ ਕੇ ਸਿੰਘ ਸੱਜ ਗਿਆ ਤੇ ਭਗਵੰਤ ਸਿੰਘ ਨਾਮ ਕਰਕੇ ਮਸ਼ਹੂਰ ਹੋਇਆ। ਇਸ ਨੇ ਜੰਗ ਵਿੱਚ

ਆਪਣੀ ਬਹਾਦਰੀ ਦੇ ਬੜੇ ਕਾਰਨਾਮੇ ਕਰਕੇ ਵਿਖਾਏ। ਭਾਈ ਗੁਲਜ਼ਾਰ ਸਿੰਘ, ਜੋ ਭਗਵੰਤ ਸਿੰਘ ਦੇ ਸ਼ਰੀਕੇ ਵਿੱਚੋਂ ਹੀ ਸੀ, ਇਹ ਦੋਵੇਂ ਹੀ 25 ਹਾੜ, ਸੰਮਤ 1791 ਬਿਕਰਮੀ ਨੂੰ ਭਾਈ ਮਨੀ ਸਿੰਘ ਜੀ ਦੇ ਨਾਲ ਲਾਹੌਰ ਨਖਾਸ ਵਿੱਚ ਸ਼ਹੀਦ ਕੀਤੇ ਗਏ ਸਨ।

### ਬਾਬਾ ਨੌਧ ਸਿੰਘ ਜੀ ਸ਼ਹੀਦ

ਬਾਬਾ ਮੱਖਣ ਸ਼ਾਹ ਜੀ ਸੰਤਾਨ ਵਿੱਚੋਂ ਉਨ੍ਹਾਂ ਦੇ ਪੜਪੋਤੇ ਭਗਵਾਨ ਦਾਸ ਦੇ ਪੁੱਤਰ ਬਾਬਾ ਨੌਧ ਸਿੰਘ ਜੀ, ਬਾਬਾ ਦੀਪ ਸਿੰਘ ਜੀ ਫੌਜ ਵਿੱਚ ਸ਼ਾਮਲ ਹੋਏ ਅਤੇ ਸ੍ਰੀ ਅੰਮ੍ਰਿਤਸਰ ਜੀ ਦੀ ਬੇਅਦਬੀ ਦੂਰ ਕਰਨ ਲਈ ਬਾਬਾ ਨੌਧ ਸਿੰਘ ਜੀ ਸ੍ਰੀ ਤਰਨ ਤਾਰਨ ਸਾਹਿਬ ਵਾਲੀ ਸੜਕ ਤੇ ਚੱਬੇ ਪਿੰਡ ਦੇ ਨੇੜੇ ਸ਼ਹੀਦ ਹੋ ਗਏ। ਆਪ ਜੀ ਦਾ ਸ਼ਹੀਦ ਗੰਜ ਸੜਕ ਤੇ ਬਣਿਆ ਹੋਇਆ ਹੈ। ਸਭ ਬੱਸਾਂ, ਕਾਰਾਂ, ਟਰੱਕ ਆਦਿ ਇੱਥੇ ਖਲੋ ਕੇ ਯਥਾ ਸ਼ਕਤ ਭੇਟਾ ਰੱਖ ਕੇ ਸਭ ਨਮਸਕਾਰ ਕਰਕੇ ਅੱਗੇ ਜਾਂਦੇ ਹਨ। ਇਨ੍ਹਾਂ ਦਾ ਹਵਾਲਾ ਗਿ: ਗਿਰਜਾ ਸਿੰਘ ਹਿਸਟੋਰੀਅਨ ਨੇ ਪਹੋਏ ਦੇ ਪੰਡਿਆਂ ਦੀਆਂ ਵਹੀਆਂ ਵੇਖ ਕੇ ਦਿੱਤਾ ਹੈ। ਉਨ੍ਹਾਂ ਦਾ ਜਨਮ ਬਾਬਾ ਮੱਖਣ ਸ਼ਾਹ ਦੇ ਖਾਨਦਾਨ ਵਿੱਚੋਂ ਹੀ ਪਿੰਡ ਰਾਜਾ ਹਰਪਾਲ ਜ਼ਿਲ੍ਹਾ ਸਿਆਲਕੋਟ ਵਿੱਚ ਹੋਇਆ। ਜੈਸਾ ਕਿ ਬਾਬਾ ਮੱਖਣ ਸ਼ਾਹ ਦੀ ਬੰਸਾਵਲੀ ਵਿੱਚੋਂ ਵੀ ਵੇਖਿਆ ਠੀਕ ਸਿੱਧ ਹੁੰਦਾ ਹੈ। ਆਪ ਬਾਬਾ ਮੱਖਣ ਸ਼ਾਹ ਦੇ ਪੋਤਰੇ ਕਿਸ਼ਨ ਦਾਸ ਦੀ ਸੰਤਾਨ ਹਨ।

### ਬਾਬਾ ਮੱਖਣ ਸ਼ਾਹ ਦੀ ਬੰਸਾਵਲੀ

ਬਾਬਾ ਮੱਖਣ ਸ਼ਾਹ ਦੀ ਬੰਸਾਵਲੀ ਗਿ: ਗਰਜਾ ਸਿੰਘ ਜੀ ਖਰਾਜਪੁਰੀ ਨੇ ਪਹੀਏ ਦੇ ਪੰਡੇ ਪੂਰਨਾਨੰਦ, ਸਪੁੱਤਰ ਪੰਡਤ ਸ਼ਰਧਾ ਰਾਮ ਪਾਸ ਇੱਕ ਵਹੀ ਵਿੱਚ ਲਿਖੀ ਵੇਖੀ ਹੈ। ਇਸ ਵਿੱਚ ਬਾਬਾ ਮੱਖਣ ਸਿੰਘ ਜੀ ਨੂੰ ਪੇਲੀਏ ਲੁਬਾਣੇ ਦੱਸਿਆ ਹੈ। ਇਹ ਕੁਰਸੀਨਾਮਾ ਭਾਈ ਭਾਗ ਸਿੰਘ ਪੇਲੀਏ ਨੇ ਸੰਮਤ 1890 ਬਿਕਰਮੀ ਨੂੰ ਮੁਤਾਬਕ ਸੰਨ 1833 ਈਸਵੀਂ ਵਿੱਚ ਲਿਆਇਆ ਸੀ। ਵਧੇਰੇ ਜਾਣਕਾਰੀ ਲਈ ਗੁਰਸਾਗਰ ਦੇ ਸੁੱਚੇ ਮੋਤੀ ਕਿਤਾਬ ਦਾ ਪੰਨਾ ਨੰ. 234 ਦੇਖੋ।

### ਭਾਈ ਨਾਡਾ ਸ਼ਾਹ

ਚੰਡੀਗੜ੍ਹ ਤੋਂ 6 ਕਿਲੋਮੀਟਰ ਦੱਖਣ ਪੂਰਬ ਵੱਲ ਪੰਚਕੂਲਾ, ਰਾਮਗੜ੍ਹ ਰੋਡ ਤੇ ਘੱਗਰ ਨਦੀ ਤੇ ਕਿਨਾਰੇ ਇੱਕ ਨਾਡਾ ਨਾਮ ਕਰਕੇ ਪਿੰਡ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਹਾੜੀ ਰਾਜਿਆਂ ਨਾਲ ਜੰਗ ਕਰਕੇ ਫਤਹਿ ਪਾ ਕੇ ਜਦੋਂ ਪਾਉਂਟੇ ਸਾਹਿਬ ਤੋਂ ਆਨੰਦਪੁਰ ਸਾਹਿਬ ਜਾ ਰਹੇ ਸਨ, ਉਦੋਂ ਇਸ ਅਸਥਾਨ ਤੇ ਕੁਝ ਦਿਨ ਠਹਿਰ ਕੇ ਅਰਾਮ ਕੀਤਾ। ਉਹ ਦਰੱਖਤ ਇੱਥੇ ਮੌਜੂਦ ਹੈ, ਜਿਸ ਨਾਲ ਸਤਿਗੁਰਾਂ ਨੇ ਆਪਣਾ ਘੋੜਾ ਬੰਨ੍ਹਿਆ ਸੀ। ਪਿੰਡ ਵਾਲਿਆਂ ਪਹਾੜੀ ਰਾਜਿਆਂ ਤੋਂ ਡਰਦਿਆਂ ਸਤਿਗੁਰਾਂ ਦਾ ਕੁਝ ਸਤਿਕਾਰ ਨਾ ਕੀਤਾ। ਇੱਥੇ ਇੱਕ ਲੁਬਾਣਾ ਸਿੱਖ ਨਾਡਾ ਨਾਮ ਕਰਕੇ ਰਹਿੰਦਾ ਸੀ। ਇਸਨੇ ਕਲਗੀਧਰ ਪਿਤਾ ਜੀ ਦੀ ਕੁਝ ਸੋਭਾ ਸੁਣੀ ਹੋਈ ਸੀ। ਪਤਾ ਲੱਗਣ ਤੇ ਸਤਿਗੁਰਾਂ ਦੇ ਪਾਸ ਆਇਆ ਚਰਨਾਂ ਤੇ ਬੜੇ ਪਿਆਰ ਨਾਲ ਨਮਸਕਾਰ ਕੀਤੀ ਤੇ ਬਹੁਤ ਜਲਦੀ ਗਊਆਂ ਤੇ ਬੱਕਰੀਆਂ, ਜੋ ਇਸਦੇ ਪਾਸ ਸਨ, ਉਨ੍ਹਾਂ ਦਾ ਦੁੱਧ ਸਤਿਗੁਰਾਂ ਨੂੰ ਅਤੇ ਸਿੰਘਾਂ ਨੂੰ ਬੜੇ ਪਿਆਰ ਨਾਲ ਛਕਾਇਆ।

ਸਤਿਗੁਰ ਜੀ ਭਾਈ ਨਾਡੇ ਦੀ ਸੇਵਾ ਵੇਖ ਕੇ ਬੜੇ ਪ੍ਰਸੰਨ ਹੋਏ ਤੇ ਕਹਿਣ ਲੱਗੇ ਭਾਈ ਨਾਡਾ! ਤੂੰ ਬੜੇ ਪ੍ਰੇਮ ਨਾਲ ਸੇਵਾ ਕੀਤੀ ਹੈ, ਅਸੀਂ ਤੇਰੀ ਸੇਵਾ, ਪਰੇਮ ਤੇ ਸ਼ਰਧਾ ਵੇਖ ਕੇ ਬੜੇ ਪ੍ਰਸੰਨ ਹੋਏ ਹਾਂ, ਜੋ ਚਾਹੁੰਦੇ ਹੈਂ, ਦੱਸ, ਤੈਨੂੰ ਕਹਿ ਚਾਹੀਦਾ ਹੈ? ਭਾਈ ਨਾਡੇ ਹੱਥ ਜੋੜੇ, ਚਰਨਾਂ ਤੇ ਲਿਪਟ ਗਿਆ। ਕਲਗੀਧਰ ਪਿਤਾ ਨੇ ਬਾਹੋਂ ਫੜ ਕੇ ਭਾਈ ਨਾਡੇ ਨੂੰ ਸਾਵਧਾਨ ਕੀਤਾ ਤੇ ਫਿਰ ਕਿਹਾ ਭਾਈ ਨਾਡਾ! ਅਸੀਂ ਤੇਰੀ ਸੇਵਾ ਤੇ ਬਹੁਤ ਪ੍ਰਸੰਨ ਹੋਏ ਹਾਂ। ਮੰਗ ਜੋ ਕੁਝ ਚਾਹੀਦਾ ਹੈਂ।

ਫਿਰ ਬੜੀ ਨਿਮਰਤਾ ਨਾਲ ਹੱਥ ਜੋੜ ਕੇ ਕਿਹਾ ਕਿ ਪਾਤਸ਼ਾਹ! ਜੇ ਦਾਸ ਤੀ ਤੁੱਛ ਸੇਵਾ ਤੇ ਪ੍ਰਸੰਨ ਹੋਏ ਹੋ ਤਾਂ ਸਿੱਖੀ ਦੀ ਦਾਤ ਬਖਸ਼ੋ ਤੇ ਨਾਮਬਾਣੀ ਦਾ ਪਿਆਰ ਬਖਸ਼ੋ, ਜਿਸ ਨਾਲ ਮੇਰਾ ਲੋਕ ਪਰਲੋਕ ਸੁਹੇਲਾ ਹੋ ਜਾਵੇ। ਸਤਿਗੁਰਾਂ ਕਿਹਾ-ਤੈਨੂੰ ਸਿੱਖੀ ਦੀ ਦਾਤ ਬਖਸ਼ੀ ਤੇ ਨਾਮ ਬਾਣੀ ਦੇ ਨਾਲ ਤੂੰ ਲੋਕ ਪਰਲੋਕ ਵਿੱਚ ਸੁਖੀ ਹੋਵੇਂਗਾ। ਇਸ ਅਸਥਾਨ ਨੂੰ ਭਾਗ ਲੱਗਣਗੇ ਅਤੇ ਇਹ ਅਸਥਾਨ ਤੇਰੇ ਨਾਮ ਤੇ ਹੀ ਮਸ਼ਹੂਰ ਹੋਵੇਗਾ। ਇੱਥੇ ਜੋ ਸ਼ਰਧਾਲੂ ਸੱਚੇ ਦਿਲੋਂ ਕਾਮਨਾ ਧਾਰ ਕੇ ਆਵੇਗਾ, ਉਸਦੀਆਂ ਮਨੋਕਾਮਨਾ ਪੂਰੀਆਂ ਹੋਣਗੀਆਂ।

ਹੁਣ ਇਹ ਅਸਥਾਨ ਸਤਿਗੁਰ ਜੀ ਦੇ ਕੀਤੇ ਬਚਨ ਅਨੁਸਾਰ ਗੁਰਦੁਆਰਾ ਨਾਡਾ ਸਾਹਿਬ ਕਰਕੇ ਮਸ਼ਹੂਰ ਹੈ। ਬੜਾ ਸ਼ਾਨਦਾਰ ਗੁਰਦੁਆਰਾ ਬਣਿਆ ਹੋਇਆ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਰੋਜ਼ ਸੰਗਤਾਂ ਦਰਸ਼ਨ ਕਰਕੇ ਨਾਮ-ਬਾਣੀ ਕਥਾ ਕੀਰਤਨ ਸੁਣ ਕੇ ਲਾਭ ਉਠਾਉਂਦੀਆਂ ਚਲਦਾ ਹੈ। ਮੱਸਿਆ, ਸੰਗਰਾਂਦ, ਪੂਰਨਮਾਸ਼ੀ ਤੇ ਐਤਵਾਰ ਨੂੰ ਸੰਗਤਾਂ ਦਾ ਬੜਾ ਭਾਰੀ ਇਕੱਠ ਹੋ ਜਾਂਦਾ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚਲਾ ਰਹੀ ਹੈ।

(ਚੱਲਦਾ)

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ**

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਦੀਆਂ ਗਤੀਵਿਧੀਆਂ

**ਮੋਬਾਇਲ ਟੈਸਟਿੰਗ ਵੈਨ —** ਮੋਬਾਇਲ ਟੈਸਟਿੰਗ ਵੈਨ ਸੇਵਾਵਾਂ ਪ੍ਰਦਾਨ ਕਰਨ ਲਈ ਜਗ੍ਹਾ-ਜਗ੍ਹਾ ਕੈਂਪ ਲਗਾ ਕੇ ਜ਼ਿਲ੍ਹਾ ਕਪੂਰਥਲਾ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਦੇ ਪੇਂਡੂ ਖੇਤਰਾਂ ਵਿਚ ਜ਼ਰੂਰਤਮੰਦ ਲੋਕਾਂ ਲਈ ਸੇਵਾ ਨਿਭਾਈ ਜਾ ਰਹੀ ਹੈ।

ਇਸ ਸੰਬੰਧ ਵਿਚ ਜਿਹੜੇ ਮਰੀਜ਼ ਟੈਸਟ ਉਪਰੰਤ ਇਲਾਜ ਲੋੜੀਂਦੇ ਹਨ ਉਹਨਾਂ ਨੂੰ ਜਲੰਧਰ ਦੇ ਕਈ ਹਸਪਤਾਲਾਂ ਨੇ ਘੱਟ ਰੇਟ ਤੇ ਆਪਣੀ ਸਹਿਮਤੀ ਪ੍ਰਗਟਾਈ ਹੈ। ਇਸ ਲਈ ਲੋੜਵੰਦ ਮਰੀਜ਼ ਆਪਣਾ ਫਾਊਂਡੇਸ਼ਨ ਟੈਸਟ ਰਿਪੋਰਟ ਲੈ ਕੇ ਇਹ ਘੱਟ ਰੇਟ ਵਾਲਾ ਲਾਭ ਪ੍ਰਾਪਤ ਕਰ ਸਕਦੇ ਹਨ। ਮਹੀਨੇ ਅਕਤੂਬਰ ਤੋਂ ਸ਼ੁਰੂ ਕੈਂਪ ਦਾ ਵੇਰਵਾ ਇਸ ਪ੍ਰਕਾਰ ਹੈ :-

| **ਲੜੀ ਨੰ.** | **ਮਹੀਨਾ** | **ਮਿਤੀ** | **ਸਥਾਨ** |
|---|---|---|---|
| 1 | ਅਕਤੂਬਰ 2015 | 26-10-2015 | ਪੰਜਾਬ ਪ੍ਰੈਸ ਕਲੱਬ, ਜਲੰਧਰ (ਸਮੂਹ ਪੱਤਰਕਾਰ ਭਾਈਚਾਰੇ ਦੇ ਸਹਿਯੋਗ ਨਾਲ ਪਹਿਲਾ ਕੈਂਪ) |
| 2 | ਨਵੰਬਰ 2015 | 01-11-2015 | ਬਾਬਾ ਮੱਖਣ ਸ਼ਾਹ ਲੁਬਾਣਾ ਵੈਲਫੇਅਰ ਸੁਸਾਇਟੀ, ਜਲੰਧਰ (ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਦੇ ਜਨਮ ਦਿਵਸ ਦੇ ਮੌਕੇ ਤੇ) |
| 3 | ਨਵੰਬਰ 2015 | 10-11-2015 | ਪਿੰਡ- ਦਬੁਰਜੀ, ਜ਼ਿਲ੍ਹਾ-ਹੁਸ਼ਿਆਰਪੁਰ (ਸ. ਭਗਵਾਨ ਸਿੰਘ ਲੁਬਾਣਾ ਦੇ ਸਹਿਯੋਗ ਨਾਲ) |
| 4 | ਨਵੰਬਰ 2015 | 14-11-2015 | ਪੰਜਾਬ ਐਵਨਿਊ, ਜਲੰਧਰ (ਸ. ਬਖਸੀਸ ਸਿੰਘ ਦੇ ਸਹਿਯੋਗ ਨਾਲ) |
| 5 | ਨਵੰਬਰ 2015 | 20-11-2015 | ਗੁਰੂ ਗੋਬਿੰਦ ਸਿੰਘ ਐਵਨਿਊ, ਜਲੰਧਰ (ਸ. ਟਹਿਲ ਸਿੰਘ ਦੇ ਸਹਿਯੋਗ ਨਾਲ) |
| 6 | ਨਵੰਬਰ 2015 | 24-11-2015 | ਪਿੰਡ-ਗਿਲਜੀਆਂ, ਜ਼ਿਲ੍ਹਾ- ਹੁਸ਼ਿਆਰਪੁਰ (ਸ. ਹਰਭਜਨ ਸਿੰਘ ਸਾਬਕਾ ਪ੍ਰਧਾਨ ਦੇ ਸਹਿਯੋਗ ਨਾਲ) |

**ਹੈਲਥ ਸੈਂਟਰ ਦੀ ਜਾਣਕਾਰੀ —** ਲੁਬਾਣਾ ਸੇਵਕਾਂ ਦੇ ਪਾਠਕਾਂ ਨੂੰ ਇਹ ਜਾਨ ਕੇ ਖੁਸ਼ੀ ਹੋਵੇਗੀ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ ਚੰਡੀਗੜ੍ਹ ਵਲੋਂ ਲੋਕਾਂ ਦੀ ਸਹੂਲਤ ਵਾਸਤੇ ਭਿੰਨ-ਭਿੰਨ ਸੇਵਾਵਾਂ ਉੱਪਲਬਧ ਕਰਵਾਈਆਂ ਜਾ ਰਹੀਆਂ ਹਨ। ਲੁਬਾਣਾ ਭਵਨ ਵਿਚ ਮੈਡੀਕਲ ਹੈਲਥ ਕੇਅਰ ਸੈਂਟਰ ਚਲਾਇਆ ਜਾ ਰਿਹਾ ਹੈ ਜਿਸ ਵਿਚ ਮੈਡੀਕਲ ਓ.ਪੀ. ਡੀ., ਕਲੀਨਿਕਲ ਲੈੱਬ, ਡੈਂਟਲ ਕਲੀਨਿਕ ਅਤੇ ਫਿਜੀਓਥਰੈਪੀ ਸੇਵਾ ਦੀਆਂ ਸੇਵਾਵਾਂ ਉੱਪਲਬਧ ਹਨ। ਮੈਡੀਕਲ ਓ.ਪੀ. ਡੀ. ਵਿਚ ਮੁਫਤ ਸੇਵਾਵਾਂ ਦੇ ਨਾਲ-ਨਾਲ ਮੁਫਤ ਦਵਾਈਆਂ ਵੀ ਉਪਲਬਧ ਕਰਾਈਆਂ ਜਾ ਰਹੀਆਂ ਹਨ। ਇਸ ਤਰ੍ਹਾਂ ਹੀ ਫਿਜੀਓਥਰੈਪੀ ਸੈਂਟਰ ਵਿਚ ਸੀਨੀਅਰ ਨਾਗਰਿਕ ਤੇ ਦੂਜੇ ਲੋੜਵੰਦ ਮਰੀਜ਼ਾਂ ਨੂੰ ਮੁਫਤ ਅਤੇ ਬਾਕੀਆਂ ਨੂੰ ਬਹੁਤ ਘੱਟ ਰੇਟ ਤੇ ਸੇਵਾਵਾਂ ਉਪਲੱਬਧ ਕਰਵਾਈਆਂ ਜਾਂਦੀਆਂ ਹਨ। ਨਵੰਬਰ ਦੇ ਦਸੰਬਰ 2015 ਦੇ ਮਹੀਨੇ ਵਿਚ ਲੁਬਾਣਾ ਭਵਨ ਵਿਚ ਹੇਠ ਦਿੱਤੇ ਵੇਰਵੇ ਅਨੁਸਾਰ ਮਰੀਜ਼ਾਂ ਨੂੰ ਸੇਵਾਵਾਂ ਉਪਲੱਬਧ ਕਰਵਾਈਆਂ ਗਈਆਂ ਹਨ।

**ਮਰੀਜਾਂ ਦੀ ਗਿਣਤੀ**

| **ਲੜੀ ਨੰ.** | **ਮੈਡੀਕਲ ਹੈਲਥ ਕੇਅਰ ਸੈਂਟਰ** | **ਨਵੰਬਰ** 2015 | **ਦਸੰਬਰ** 2015 |
|---|---|---|---|
| 1. | ਮੈਡੀਕਲ ਕਲੀਨਿਕ | 198 | 190 |
| 2. | ਕਲੀਨਿਕਲ ਲੈਬ | 50 | 73 |
| 3. | ਡੈਂਟਲ ਕਲੀਨਿਕ | 50 | 76 |
| 4. | ਫਿਜੀਓਥਰੈਪੀ ਸੈਂਟਰ | 332 | 372 |

**ਮੁਰੰਮਤ ਅਤੇ ਨਵੀਨੀਕਰਨ (ਰੈਨੋਵੇਸ਼ਨ) ਦੀ ਜਾਣਕਾਰੀ —** ਲੁਬਾਣਾ ਭਵਨ ਦੇ ਭਾਈ ਮਨੀ ਸਿੰਘ ਬਲਾਕ ਦੀ ਬਿਲਡਿੰਗ ਦੀਆਂ ਖਿੜਕੀਆਂ ਅਤੇ ਦਰਵਾਜ਼ਿਆਂ ਦੀ ਪਾਲਿਸ਼ਿੰਗ ਦਾ ਕੰਮ ਕਰਵਾਇਆ ਗਿਆ। ਜਿਸ ਨਾਲ ਬਿਲਡਿੰਗ ਦਾ ਰੱਖ-ਰਖਾਓ ਅਤੇ ਨੁਹਾਰ ਸੋਹਣੀ ਹੋ ਗਈ ਹੈ।

**ਮੈਰਿਟ-ਕਮ-ਮੀਨਜ ਸਕਾਲਰਸ਼ਿਪ —** ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਮੈਰਿਟ-ਕਮ ਮੀਨਜ ਸਕਾਲਰਸ਼ਿਪ ਸਕੀਮ ਹੇਠਾਂ ਚੰਗੇ ਹੋਣਹਾਰ ਬੱਚਿਆਂ ਨੂੰ ਮੈਰਿਟ ਤੇ ਘੱਟ ਆਮਦਨ ਵਾਲੇ ਬੱਚਿਆਂ ਨੂੰ ਵਜੀਫੇ ਦੀ ਸਹੂਲਤ ਦਿੱਤੀ ਜਾਂਦੀ ਹੈ। ਸੰਨ 2015-16 ਵਿਚ ਭਿੰਨ-ਭਿਨ

ਸ਼੍ਰੇਣੀਆਂ ਦੇ 122 ਵਿਦਿਆਰਥੀਆਂ ਨੂੰ 12 ਮਹੀਨੇ ਦੇ ਲਈ 4,52,700 ਰੁਪਏ ਦੇ ਵਜੀਫੇ ਵੰਡਣ ਦਾ ਕੰਮ ਪੂਰਾ ਹੋ ਗਿਆ ਹੈ ਅਤੇ ਚੈੱਕ ਵੱਖ-ਵੱਖ ਬੱਚਿਆਂ ਦੇ ਐਡਰੈਸ ਤੇ ਪੋਸਟ ਕੀਤੇ ਜਾ ਰਹੇ ਹਨ। ਕਿਸੇ ਸੂਰਤ ਕਰਕੇ ਕਿਸੇ ਬੱਚੇ ਜਾਂ ਉਨ੍ਹਾਂ ਦੇ ਮਾਤਾ ਪਿਤਾ ਨੂੰ ਚੈੱਕ ਨਾ ਮਿਲਿਆ ਹੋਵੇ ਤਾਂ ਉਹ ਫਾਊਂਡੇਸ਼ਨ ਦੇ ਦਫਤਰ ਨਾਲ ਸੰਪਰਕ ਕਰ ਸਕਦੇ ਹਨ।

**ਲੁਬਾਣਾ ਭਵਨ ਦੇ ਮਹੀਨੇਵਾਰ ਆਮਦਨ ਅਤੇ ਖਰਚੇ ਦੀ ਜਾਣਕਾਰੀ —** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਅਕਤੂਬਰ ਅਤੇ ਨਵੰਬਰ ਦੀ ਆਮਦਨ ਤੇ ਖਰਚੇ ਦਾ ਵੇਰਵਾ ਇਸ ਪ੍ਰਕਾਰ ਹੈ ;-

| | **ਅਕਤੂਬਰ** | **ਨਵੰਬਰ** |
|---|---|---|
| **ਆਮਦਨ** - | 9,48,339 | 5,15,726 |
| **ਖਰਚਾ**- | 5,24,456 | 7,07,366 |

**ਭਾਈ ਲੱਖੀ ਸ਼ਾਹ ਵੈਲਫੇਅਰ ਟਰੱਸਟ ਮੁਕੇਰੀਆਂ ਵਿਖੇ ਸਮਾਗਮ —** ਭਾਈ ਲੱਖੀ ਸ਼ਾਹ ਵੈਲਫੇਅਰ ਟਰੱਸਟ ਮੁਕੇਰੀਆਂ ਵਿਖੇ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਮਿਤੀ 12-12-2015 ਨੂੰ ਪ੍ਰਬੰਧਕ ਕਮੇਟੀ ਵਲੋਂ ਬੜੇ ਸ਼ਰਧਾ ਭਾਵ ਨਾਲ ਮਨਾਇਆ ਗਿਆ। ਜਿਸ ਵਿਚ ਸ੍ਰੀ ਅਖੰਡ ਪਾਠ ਸਾਹਿਬ 10-12-2015 ਨੂੰ ਰਖਵਾ ਕੇ ਮਿਤੀ 12-12-2015 ਨੂੰ ਭੋਗ ਪਾਏ ਗਏ। ਉਪਰੰਤ ਭਾਈ ਬਲਵਿੰਦਰ ਸਿੰਘ ਰੰਗੀਲਾ ਵਿਸਵ ਪ੍ਰਸਿੱਧ ਕੀਰਤਨੀ ਜੱਥੇ ਵਲੋਂ ਕਥਾ ਸ਼ਬਦ ਕੀਰਤਨ ਨਾਲ ਅਤੇ ਭਾਈ ਜਸਵੰਤ ਸਿੰਘ ਪਰਵਾਨ ਅਤੇ ਗਿਆਨੀ ਹਰਜਿੰਦਰ ਸਿੰਘ ਫੱਕਰ ਵਲੋਂ ਗੁਰੂ ਤੇਰ ਬਹਾਦੁਰ ਸਾਹਿਬ ਜੀ ਨੂੰ ਢਾਡੀ ਵਾਰਾਂ ਅਤੇ ਵਿਖਿਆਨ ਦੁਆਰਾ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸੰਗਤਾਂ ਹੁੰਮ-ਹੁੰਮਾ ਕੇ ਪਹੁੰਚੀਆਂ ਜਿਸ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੈਨੇਜਮੈਂਟ ਨੇ ਵੀ ਹਿੱਸਾ ਪਾਇਆ ਅਤੇ ਇਸ ਮੌਕੇ ਤੇ ਸ. ਗੁਰਚਰਨ ਸਿੰਘ ਪ੍ਰਧਾਨ, ਮੇਜਰ ਨਿਰੰਜਨ ਸਿੰਘ ਮੁਲਤਾਨੀ ਜਨਰਲ ਸਕੱਤਰ, ਸ. ਜਗੀਰ ਸਿੰਘ ਲਾਲੀਆ ਵਿਤ ਸਕੱਤਰ ਨੇ ਹਾਜ਼ਰੀ ਭਰੀ। ਸ. ਗੁਰਚਰਨ ਸਿੰਘ ਪ੍ਰਧਾਨ ਜੀ ਨੇ ਗੁਰੂ ਖਲਾਸੀ ਬਾਰੇ ਬੋਲਦਿਆਂ ਕਿਹਾ ਕਿ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਬਾਣੀ ਜੀਵਨ ਦਾ ਇਕ ਸਹਿਜ ਅਤੇ ਸੁੱਖ ਦੇਣ ਵਾਲੀ ਬਾਣੀ ਹੈ ਜਿਸ ਰਾਹੀਂ ਇਸ ਸੰਸਾਰਿਕ ਜੀਵਨ ਵਿਚ ਹੀ ਸਹਿਜ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਗੁਰੂ ਸਾਹਿਬ ਦੀਆਂ ਆਦਰਮਾਨ ਵਾਲੀ ਬਾਣੀ ਤੇ ਚਲ ਕੇ ਸਫਲਤਾ ਪ੍ਰਾਪਤ ਹੋ ਸਕਦੀ ਹੈ ਅਤੇ ਨਾਲ ਹੀ ਕਿਹਾ ਕਿ ਭਾਈ ਲੱਖੀ ਸ਼ਾਹ ਵੈਲਫੇਅਰ ਟਰੱਸਟ ਵਲੋਂ ਜੋ ਇਮਾਰਤ ਅਤੇ ਸਥਾਨ ਬਨਾਇਆ ਗਿਆ ਹੈ ਉਹ ਬਹੁਤ ਵਧੀਆ ਹੈ ਅਤੇ ਇਸ ਵਿਚ ਗੁਰੂ ਘਰ ਤੋਂ ਇਲਾਵਾ ਜੋ ਗਤੀਵਿਧੀਆਂ ਜੋ ਸਮਾਜ ਨੂੰ ਲੋੜੀਂਦੀਆਂ ਹਨ ਅਜੋਕੇ ਸਮੇਂ ਵਿਚ ਜ਼ਰੂਰਤਮੰਦ ਵਰਗ ਦੀ ਭਲਾਈ ਦੇ ਵਸੀਲੇ ਜਿਵੇਂ ਕਿ ਟੈਕਨੀਕਲ ਟ੍ਰੇਨਿੰਗ ਅਤੇ ਵੋਕੇਸ਼ਨਲ।

**ਸੀਸ ਮਾਰਗ ਯਾਤਰਾ ਦਾ ਸਵਾਗਤ** - ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਸ਼ਹਾਦਤ ਦਿਵਸ ਨੂੰ ਸਮਰਪਿਤ, ਮਿਤੀ 17-12-2015 ਨੂੰ ਦਿੱਲੀ ਸੀਸ ਗੰਜ ਗੁਰਦੁਆਰਾ ਸਾਹਿਬ ਤੋਂ ਆਰੰਭ ਹੋਏ ਵਿਸ਼ਾਲ ਨਗਰ ਕੀਰਤਨ ਪਹੁੰਚਣ ਤੇ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਮਿਤੀ 19-12-2015 ਨੂੰ ਦੁਪਹਿਰ 2.00 ਵਜੇ ਭਵਨ ਦੀ ਸਮੂਹ ਮੈਨੇਜਮੈਂਟ ਨੇ ਨਿੱਘਾ ਸਵਾਗਤ ਅਤੇ ਸਤਿਕਾਰ ਕੀਤਾ। ਨਗਰ ਕੀਰਤਨ ਦੇ ਸਮੇਂ ਅਨੁਸਾਰ ਅਤੇ ਸੰਗਤਾਂ ਨੂੰ ਮੁੱਖ ਰੱਖਦੇ ਹੋਏ ਭਵਨ ਵਿਖੇ ਮੈਨੇਜਮੈਂਟ ਵਲੋਂ ਸ਼ਰਧਾ ਨਾਲ ਨਿੱਘਾ ਸਵਾਗਤ ਅਤੇ ਲੰਗਰ ਦਾ ਇੰਤਜਾਮ ਕੀਤਾ ਗਿਆ। ਲੰਗਰ ਕਮੇਟੀ ਦੇ ਮੈਂਬਰ ਅਤੇ ਸਾਰੇ ਦੂਸਰੇ ਮੈਂਬਰਾਂ ਨੇ ਮਿਲ ਕੇ ਲੰਗਰ ਦੀ ਸ਼ਰਧਾਪੂਰਵਕ ਸੇਵਾ ਨਿਭਾਈ। ਨਗਰ ਕੀਰਤਨ ਦੀ ਅਗਵਾਈ ਕਰ ਰਹੇ ਪੰਜ ਪਿਆਰਿਆਂ ਅਤੇ ਹੋਰ ਸਿੰਘਾਂ ਨੇ ਲੁਬਾਣਾ ਭਵਨ ਦੇ ਗੁਰੂ ਘਰ ਵਿਚ ਹਾਜ਼ਰੀ ਭਰੀ ਅਤੇ ਭਵਨ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹੋਏ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੂੰ ਪ੍ਰਗਟ ਕਰਨ ਨੂੰ ਬਹੁਤ ਹੀ ਪਿਆਰ ਸਹਿਤ ਸੰਗਤਾਂ ਨੂੰ ਜਾਣੂ ਕਰਵਾਇਆ। ਬਾਬਾ ਮੱਖਣ ਸ਼ਾਹ ਲੁਬਾਣਾ ਦੀ ਇਸ ਘਾਲਣਾ ਲਈ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਭਾਈ ਮਨਜੀਤ ਸਿੰਘ ਮੁੱਖ ਸੇਵਾਦਾਰ, ਗੁਰੂ ਪੰਥ ਦਾ ਦਾਸ ਨੇ ਯਕੀਨ ਦਿਵਾਇਆ ਕਿ ਆਉਣ ਵਾਲੇ ਸਮੇਂ ਵਿਚ ਵੀ ਇਸੇ ਤਰ੍ਹਾਂ ਚੰਡੀਗੜ੍ਹ ਵਿਚੋਂ ਲੰਘਣ ਸਮੇਂ ਭਵਨ ਦੇ ਪੜਾਆਂ ਨੂੰ ਖਾਸ ਤੌਰ ਤੇ ਸ਼ਾਮਲ ਕੀਤਾ ਜਾਇਆ ਕਰੇਗਾ।ਅੰਤ ਵਿਚ ਆਈਆਂ ਹੋਈਆ ਸੰਗਤਾਂ ਦਾ ਪ੍ਰਧਾਨ ਸ. ਗੁਰਚਰਨ ਸਿੰਘ ਵਲੋਂ ਧੰਨਵਾਦ ਕੀਤਾ ਗਿਆ।

**ਭਵਨ ਦੀ ਵੈੱਬਸਾਈਟ ਮੁੱੜ ਆਰੰਭ ਕਰਨ ਬਾਰੇ —** ਪਹਿਲਾ ਭਵਨ ਦੀ ਵੈੱਬਸਾਈਟ ਜਲੰਧਰ ਵਿਖੇ ਤਿਆਰ ਕਰਵਾਈ ਗਈ ਸੀ, ਜਿਸ ਦੀਆਂ ਸੇਵਾਵਾਂ ਨਾ ਹੋਣ ਕਰਕੇ ਮੈਨਜਮੈਂਟ ਵਲੋਂ ਸਰਬਸੰਮਤੀ ਨਾਲ ਵੈੱਬਸਾਈਟ ਬੰਦ ਕਰ ਦਿੱਤੀ ਗਈ ਕਿਉਂਕਿ ਇਸ ਤੇ ਵੱਧ ਖਰਚਾ ਆਉਣ ਦੀ ਸੰਭਾਵਨਾ ਸੀ। ਫੈਸਲੇ ਉਪਰੰਤ ਭਵਨ ਦੀ ਨਵੀਂ ਵੈੱਬਸਾਈਟ ਚੰਡੀਗੜ੍ਹ ਵਿਚ ਕੁਝ ਦਿਨਾਂ ਵਿਚ ਹੀ ਤਿਆਰ ਹੋ ਗਈ। ਭਵਨ ਦੀ ਵੈੱਬਸਾਈਟ ਤੇ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਭਵਨ ਦੇ ਇਤਿਹਾਸ ਬਾਰੇ, ਭਵਨ ਦੀਆਂ ਸਹੂਲਤਾਂ ਬਾਰੇ ਅਤੇ ਲੁਬਾਣਾ ਸੇਵਕ ਮੈਗਜ਼ੀਨ ਵੀ ਉਪਲਬਧ ਕਰਵਾਏ ਗਏ ਹਨ ਤਾਂ ਜੋ ਪਾਠਕ ਵੈੱਬਸਾਈਟ ਦਾ ਪੂਰਾ ਲਾਹਾ ਲੈ ਸਕਣ। ਪਾਠਕ ਆਪਣੇ ਸੁਝਾਅ ਦੇਣ ਲਈ ਅਤੇ ਕਿਸੇ ਵੀ ਜਾਣਕਾਰੀ ਲਈ ਵੈੱਬਸਾਈਟ ਤੇ ਸੰਪਰਕ ਕਰ ਸਕਦੇ ਹਨ। ਇਹ ਵੈੱਬਸਾਈਟ ਭਵਨ ਦੇ ਨਾਂ Baba Makhan Shah Lobana Foundation ਅਤੇ bmslchd.org link ਨਾਲ ਖੁੱਲ੍ਹ ਸਕਦੀ ਹੈ।

**ਮੇਜਰ ਨਿਰੰਜਨ ਸਿੰਘ ਮੁਲਤਾਨੀ** (**ਜਨਰਲ ਸਕੱਤਰ**)

# Constitution Review Committee Meeting





# Sis Marg Yatra

















# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸਿਹਤ ਖੇਤਰ ਵਿਚ ਮੋਬਾਈਲ ਐਂਬੂਲੈਂਸ ਕਮ ਕਲੀਨਿਕਲ ਵੈਨ ਜਲੰਧਰ ਵੱਲੋਂ ਵੱਖ-ਵੱਖ ਥਾਵਾਂ 'ਤੇ ਲਗਾਏ ਗਏ ਕੈਂਪਾਂ ਦਾ ਵੇਰਵਾ






8 ਦਸੰਬਰ 2015 ਨੂੰ ਪਿੰਡ ਮਨਸੂਰਵਾਲ ਢਿੱਲਵਾਂ ਨਡਾਲਾ ਰੋਡ, ਜ਼ਿਲ੍ਹਾ ਕਪੂਰਥਲਾ 'ਤੇ ਕੈਂਪ ਲਗਾਇਆ ਗਿਆ, ਜਿਸ ਵਿਚ 50 ਟੈਸਟ ਕੀਤੇ ਗਏ।



15 ਦਸੰਬਰ 2015 ਨੂੰ ਮਨਜੀਤ ਨਗਰ ਬਸਤੀ ਗੁਜਾਂ, ਜਲੰਧਰ ਵਿਖੇ ਮੇਜਰ ਰਵੇਲ ਸਿੰਘ ਦੇ ਸਹਿਯੋਗ ਨਾਲ ਕੈਂਪ ਲਗਾਇਆ ਗਿਆ, ਜਿਸ ਵਿਚ ਤਕਰੀਬਨ 50 ਮਰੀਜ਼ਾਂ ਦੇ ਟੈਸਟ ਕੀਤੇ ਗਏ।



16-17 ਦਸੰਬਰ 2015 ਨੂੰ ਸ. ਭਗਵਾਨ ਸਿੰਘ ਲੁਬਾਣਾ ਦੇ ਸਹਿਯੋਗ ਨਾਲ ਦੋ ਰੋਜ਼ਾ ਕੈਂਪ ਵਾਲਮੀਕਿ ਮੰਦਿਰ ਗੜ੍ਹਾ, ਜਲੰਧਰ ਵਿਖੇ ਲਗਾਇਆ ਗਿਆ, ਜਿਸ ਵਿਚ ਗਰੀਬ ਲੋਕਾਂ ਦੇ ਤਕਰੀਬਨ 110 ਟੈਸਟ ਕੀਤੇ ਗਏ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸਿਹਤ ਖੇਤਰ ਵਿਚ ਮੋਬਾਈਲ ਐਂਬੂਲੈਂਸ ਕਮ ਕਲੀਨਿਕਲ ਵੈਨ ਜਲੰਧਰ ਵੱਲੋਂ ਵੱਖ-ਵੱਖ ਥਾਵਾਂ 'ਤੇ ਲਗਾਏ ਗਏ ਕੈਂਪਾਂ ਦਾ ਵੇਰਵਾ




18 ਦਸੰਬਰ 2015 ਨੂੰ ਮੋਤਾ ਸਿੰਘ ਨਗਰ, ਜਲੰਧਰ ਦੇ ਪਾਰਕ ਵਿਖੇ ਸ. ਹਰਭਜਨ ਸਿੰਘ ਸਾਬਕਾ ਪ੍ਰਧਾਨ ਫਾਊਂਡੇਸ਼ਨ ਦੇ ਸਹਿਯੋਗ ਨਾਲ ਕੈਂਪ ਲਗਾਇਆ ਗਿਆ, ਜਿਸ ਵਿਚ 25 ਲੋਕਾਂ ਦਾ ਟੈਸਟ ਕੀਤਾ ਗਿਆ।



29 ਦਸੰਬਰ 2015 ਨੂੰ ਗੁਰਦੁਆਰਾ ਸਿੰਘ ਸਭਾ ਕਲਗੀਧਰ ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ ਵਿਖੇ ਸ. ਗੁਰਚਰਨ ਸਿੰਘ ਪਾਲੀਆ ਦੇ ਸਹਿਯੋਗ ਨਾਲ ਕੈਂਪ ਲਗਾਇਆ ਗਿਆ, ਜਿਸ ਵਿਚ 60 ਤੋਂ ਵੱਧ ਮਰੀਜ਼ਾਂ ਦੇ ਟੈਸਟ ਕੀਤੇ ਗਏ।




30 ਦਸੰਬਰ 2015 ਨੂੰ ਪਿੰਡ ਨੱਥੂਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸ. ਲਖਵਿੰਦਰ ਸਿੰਘ ਪੀ.ਆਰ.ਓ. ਦੇ ਸਹਿਯੋਗ ਨਾਲ ਕੈਂਪ ਲਗਾਇਆ ਗਿਆ, ਜਿਸ ਵਿਚ 42 ਮਰੀਜ਼ਾਂ ਦੇ ਟੈਸਟ ਕੀਤੇ ਗਏ।



# ਸ਼ੁੱਭ ਵਿਆਹ





ਬੀਬੀ ਸੁਧਾ ਸ਼ਰਮਾ ਸਪੁੱਤਰੀ ਸ੍ਰੀਮਤੀ ਰਾਜ ਸ਼ਰਮਾ ਅਤੇ ਸ੍ਰੀ ਮਦਨ ਲਾਲ ਸ਼ਰਮਾ ਵਾਸੀ ਚੰਡੀਗੜ੍ਹ ਦਾ ਵਿਆਹ ਪੂਰਨ ਹਿੰਦੂ ਰਸਮਾਂ ਅਨੁਸਾਰ ਕਾਕਾ ਹਿਤੇਸ਼ ਸ਼ਰਮਾ ਸਪੁੱਤਰ ਸ੍ਰੀਮਤੀ ਪੁਸ਼ਪਾ ਸ਼ਰਮਾ ਅਤੇ ਸ੍ਰੀ ਰਾਜਿੰਦਰ ਕੁਮਾਰ ਸ਼ਰਮਾ ਵਾਸੀ ਨਿਊ ਦਿੱਲੀ ਨਾਲ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਅਪਾਰ ਅਸ਼ੀਰਵਾਦ ਸਦਕਾ ਮਿਤੀ 07-12-2015 ਨੂੰ ਖਾਸ ਤੌਰ ਤੇ ਲੁਬਾਣਾ ਭਵਨ, ਚੰਡੀਗੜ੍ਹ ਵਿਖੇ ਸੰਪੰਨ ਹੋਇਆ। ਸ੍ਰੀ ਮਦਨ ਲਾਲ ਸ਼ਰਮਾ ਭਵਨ ਵਿਖੇ ਕਈ ਸਾਲਾਂ ਤੋਂ ਬਤੌਰ ਚੌਂਕੀਦਾਰ ਸੇਵਾ ਨਿਭਾ ਰਹੇ ਹਨ। ਉਨ੍ਹਾਂ ਦੀ ਵੱਡੀ ਲੜਕੀ ਸੁਧਾ ਸ਼ਰਮਾ ਇਸ ਸਮੇਂ ਨਰਸਿੰਗ ਆਫਿਸਰ ਹੈ ਅਤੇ ਦਾਮਾਦ ਹਿਤੇਸ਼ ਸ਼ਰਮਾ ਹੋਂਡਾ ਆਟੋ ਮੋਬਾਇਲਜ ਵਿਖੇ ਮਕੈਨਿਕਲ ਇੰਜੀਨੀਅਰ ਹੈ। ਛੋਟੀ ਲੜਕੀ ਮਧੂ ਸ਼ਰਮਾ ਕੇਂਦਰੀ ਵਿਦਿਆਲਾ, ਸੈਕਟਰ-47 ਵਿਖੇ ਲੈਕਚਰਾਰ ਹੈ ਅਤੇ ਉਨ੍ਹਾਂ ਦਾ ਲੜਕਾ ਆਟੋ ਕੈਡ ਦਾ ਕੋਰਸ ਕਰ ਰਿਹਾ ਹੈ।

ਇਸ ਮੌਕੇ ਤੇ ਸੁਭਾਗ ਜੋੜੀ ਨੂੰ ਅਸ਼ੀਰਵਾਦ ਦੇਣ ਲਈ ਦਾਦਕੇ-ਨਾਨਕੇ ਪਰਿਵਾਰਿਕ ਮੈਂਬਰ ਰਿਸ਼ਤੇਦਾਰਾਂ ਸਹਿਤ ਸ਼ਾਮਲ ਹੋਏ। ਉਚੇਚੇ ਤੌਰ ਤੇ ਭਵਨ ਦੀ ਮੈਨੇਜਮੈਂਟ ਜਿਸ ਵਿਚ ਸ. ਭਗਤ ਸਿੰਘ ਆਈ. ਏ. ਐਸ. (ਰਿਟਾ.) ਸਾਬਕਾ ਪ੍ਰਧਾਨ, ਸ. ਗੁਰਚਰਨ ਸਿੰਘ ਪ੍ਰਧਾਨ, ਮੇਜਰ ਨਿਰੰਜਨ ਸਿੰਘ ਮੁਲਤਾਨੀ ਜਨਰਲ ਸਕੱਤਰ, ਸ. ਜਗੀਰ ਸਿੰਘ ਲਾਲੀਆ ਵਿੱਤ ਸਕੱਤਰ, ਕਮਾਂਡਰ ਜੋਗਿੰਦਰ ਸਿੰਘ, ਸ. ਮਹਿੰਦਰ ਸਿੰਘ ਲੁਬਾਣਾ ਸੈਸ਼ਨ ਜੱਜ (ਰਿਟਾ.) ਅਤੇ ਸਟਾਫ ਦੇ ਮੈਂਬਰ ਵੀ ਸ਼ਾਮਲ ਹੋਏ।


ਇਸ ਸਮੇਂ ਸ੍ਰੀ ਮਦਨ ਲਾਲ ਸ਼ਰਮਾ ਅਤੇ ਪਰਿਵਾਰ ਵਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਨੂੰ 5100/ ਰੁਪਏ ਦਾਨ ਵਜੋਂ ਦਿੱਤੇ ਗਏ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਭਵਨ) ਦੀ ਸਮੁੱਚੀ ਕਮੇਟੀ ਇਸ ਸੁਭਾਗ ਜੋੜੀ ਨੂੰ ਨਿੱਘਾ ਅਸ਼ੀਰਵਾਦ ਅਤੇ ਜੀਵਨ ਵਿਚ ਸਫਲ ਹੋਣ ਲਈ ਸ਼ੁੱਭਕਾਮਨਾਵਾਂ ਦਿੰਦੀ ਹੈ ਅਤੇ ਅਰਦਾਸ ਕਰਦੀ ਹੈ ਕਿ ਸਾਰੇ ਪਰਿਵਾਰ ਉੱਤੇ ਗੁਰੂ ਮਹਾਰਾਜ ਦੀ ਕ੍ਰਿਪਾ ਰਹੇ।

**(ਮੇਜਰ ਨਿਰੰਜਨ ਸਿੰਘ ਮੁਲਤਾਨੀ ਰਿਟਾ.)**

**ਜਨਰਲ ਸਕੱਤਰ**

# ਸ਼ੋਕ ਸਮਾਚਾਰ



ਮਾਨਯੋਗ ਚੌਧਰੀ ਲੱਜਾ ਰਾਮ ਜੀ ਸਪੁੱਤਰ ਚੌਧਰੀ ਕਲੀ ਰਾਮ ਜੀ, ਪਿੰਡ-ਹਰੀਪੁਰ ਸੰਢੋਲੀ, ਤਹਿਸੀਲ-ਬੱਦੀ, ਜ਼ਿਲ੍ਹਾ-ਸੋਲਨ (ਹਿਮਾਚਲ ਪ੍ਰਦੇਸ਼) ਮਿਤੀ-22-11-2015 ਦਿਨ ਐਤਵਾਰ ਨੂੰ ਅਕਾਲ ਚਲਾਣਾ ਕਰ ਗਏ ਹਨ। ਚੌਧਰੀ ਲੱਜਾ ਰਾਮ ਜੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਮੁੱਢਲੇ ਮੈਂਬਰਾਂ ਵਿਚੋਂ ਸਨ ਅਤੇ ਆਪ ਜੀ ਇਸ ਫਾਊਂਡੇਸ਼ਨ ਵਿਚ ਕਾਰਜਕਾਰੀ ਕਮੇਟੀ ਅਤੇ ਹੋਰ ਕਮੇਟੀਆਂ ਵਿਚ ਸ਼ਮੂਲੀਅਤ ਕਰਦੇ ਰਹੇ ਸਨ। ਆਪ ਜੀ ਨੇ ਹਮੇਸ਼ਾ ਹੀ ਫਾਊਂਡੇਸ਼ਨ ਵਿਚ ਮੈਨੇਜਮੈਂਟ ਨਾਲ ਹਰ ਕੰਮ ਵਿਚ ਤਨ, ਮਨ ਅਤੇ ਧਨ ਨਾਲ ਸਹਿਯੋਗ ਦੇ ਕੇ ਫਾਊਂਡੇਸ਼ਨ ਨੂੰ ਨਿਵਾਜਦੇ ਰਹੇ ਹਨ। ਆਪ ਜੀ ਰਾਜਸੀ ਤੌਰ ਤੇ ਸੰਸਦੀ ਸਕੱਤਰ ਦੇ ਉੱਚ ਅਹੁਦੇ ਤੇ ਰਹੇ ਅਤੇ ਬਹੁਤ ਵਾਰੀ ਆਪਣੇ ਬੱਦੀ (ਦੂਨ) ਤੋਂ ਬਾਖੂਬੀ ਲੋਕਾਂ ਦੇ ਪਿਆਰ ਸਤਿਕਾਰ ਸਦਕਾ ਜਿੱਤਦੇ ਰਹੇ। ਆਪ ਜੀ ਬੜੇ ਸਾਦਗੀ ਅਤੇ ਉੱਚੀ ਸੋਚ ਦੇ ਨਾਲ ਸਮਾਜ ਭਲਾਈ ਅਤੇ ਤਰੱਕੀ ਦੇ ਰਾਹ ਲੱਭ ਕੇ ਲੋਕਾਂ ਦੀ ਸੇਵਾ ਕਰਦੇ ਰਹੇ। ਇੱਥੇ ਇਹ ਵਰਨਣਯੋਗ ਹੈ ਕਿ ਆਪ ਜੀ ਲੁਬਾਣਾ ਬਰਾਦਰੀ ਨਾਲ ਸੰਬੰਧਿਤ ਸਨ ਅਤੇ ਨਾਲਾਗੜ੍ਹ ਇਲਾਕੇ ਵਿਚ ਬਹੁਤ ਘੱਟ ਗਿਣਤੀ ਹੋਣ ਦੇ ਬਾਵਜੂਦ ਵੀ ਆਪਣੀ ਯੋਗਤਾ ਸਦਕਾ ਲਗਾਤਾਰ 1990 ਤੋਂ 2008 ਤੱਕ ਹਿਮਾਚਲ ਵਿਧਾਨ ਸਭਾ ਦੇ ਵਿਧਾਇਕ ਬਣੇ ਰਹੇ ਤੇ ਇਲਾਕੇ ਦੀਆਂ ਸੰਗਤਾਂ ਦੇ ਦਿਲਾਂ ਤੇ ਰਾਜ ਕਰਦੇ ਰਹੇ। ਆਪ ਜੀ ਆਪਣੇ ਕੰਮ ਵਿਚ ਬਹੁਤ ਜ਼ਿਆਦਾ ਰੁੱਝੇ ਹੋਣ ਦੇ ਬਾਵਜੂਦ ਵੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਨਾਲ ਭਰਪੂਰ ਯੋਗਦਾਨ ਆਪਣੇ ਸਹਿਯੋਗ ਦੇ ਰਾਹੀਂ ਦਿੰਦੇ ਸਨ। ਆਪ ਜੀ ਨੇ ਸ. ਹਰਜਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ ਬ.ਮ.ਸ.ਲ. ਫਾਊਂਡੇਸ਼ਨ, ਚੰਡੀਗੜ੍ਹ, ਸ. ਗਿਆਨ ਸਿੰਘ ਲੰਬੜਦਾਰ, ਪੰਚਕੂਲਾ, ਰਿਜ਼ਨਲ ਪ੍ਰਧਾਨ ਬ. ਮ. ਸ. ਲ ਫਾਊਂਡੇਸ਼ਨ, ਚੌਧਰੀ ਮਦਨ ਲਾਲ ਜੀ, ਚੌਧਰੀ ਰਾਮ ਕੁਮਾਰ ਜੀ ਮੌਜੂਦਾ ਐਮ ਐਲ. ਏ., ਇੰਦਰਜੀਤ ਸਿੰਘ ਬਿਲਾਵਾਲੀ, ਚੇਅਰਮੈਨ ਨਗਰ ਪ੍ਰੀਸ਼ਦ, ਸ. ਗੁਰਮੀਤ ਸਿੰਘ ਸਰਪੰਚ, ਸ. ਧਨਵੰਤ ਸਿੰਘ ਲੰਬੜਦਾਰ, ਕੈਪਟਨ ਅਮਰੀਕ ਸਿੰਘ ਪ੍ਰਧਾਨ, ਸ. ਕੁਲਜੀਤ ਸਿੰਘ ਐਡਵੋਕੇਟ, ਸ. ਨਾਇਬ ਸਿੰਘ ਸੌੜੀ ਭੂਮੀਆ, ਸ. ਘਨਸ਼ਾਮ ਸਿੰਘ ਅਤੇ ਸ. ਪ੍ਰਿਤਪਾਲ ਸਿੰਘ ਲੰਬੜਦਾਰ ਭਗਵਾਨਪੁਰ ਨੂੰ ਉਤਸਾਹਿਤ ਕਰਕੇ ਫਾਊਂਡੇਸ਼ਨ ਨਾਲ ਜੋੜਿਆ ਸੀ।

ਭਵਨ ਦੀ ਮੈਨੇਜਮੈਂਟ ਨੂੰ ਉਨ੍ਹਾਂ ਦੇ ਅਕਾਲ ਚਲਾਣੇ ਤੇ ਡੂੰਘਾ ਦੁੱਖ ਹੋਇਆ ਹੈ। ਚੌਧਰੀ ਲੱਜਾ ਰਾਮ ਬਹੁਤ ਹੀ ਉੱਚੇ ਤੇ ਸੁੱਚੇ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਉਨ੍ਹਾਂ ਦੇ ਅਕਾਲ ਚਲਾਣੇ ਤੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲ ਘਾਟਾ ਪਿਆ ਹੈ, ਉੱਥੇ ਹੀ ਫਾਊਂਡੇਸ਼ਨ ਨੂੰ ਵੀ ਇਹ ਬਹੁਤ ਵੱਡਾ ਘਾਟਾ ਮਹਿਸੂਸ ਹੋ ਰਿਹਾ ਹੈ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੈਨੇਜਮੈਂਟ ਇਸ ਅਸਹਿ ਸਮੇਂ ਵਿਚ ਉਨ੍ਹਾਂ ਦੇ ਸਮੁੱਚੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ ਅਤੇ ਉਨ੍ਹਾਂ ਦੀ ਰੂਹ ਦੀ ਆਤਮਿਕ ਸ਼ਾਂਤੀ ਲਈ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹੈ ਕਿ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਚੜ੍ਹਦੀ ਕਲਾ ਤੇ ਭਾਣਾ ਮੰਨਣ ਦਾ ਬਲ ਬਖਸ਼ੇ।

**(ਮੇਜਰ ਨਿਰੰਜਨ ਸਿੰਘ ਮੁਲਤਾਨੀ (ਰਿਟਾ.)**

**ਜਨਰਲ ਸਕੱਤਰ**

# ਅਰਦਾਸ ਕੀ ਹੈ?

ਜਸਵੰਤ ਸਿੰਘ ਨੇਕੀ




ਕਹਿੰਦੇ ਹਨ, ਇਕ ਚਰਵਾਹਾ ਜੰਗਲ ਵਿਚ ਭੇਡਾਂ ਬੱਕਰੀਆਂ ਚਾਰ ਰਿਹਾ ਸੀ। ਇੱਜੜ ਨੂੰ ਘਾਹ ਤੇ ਚਰਦਿਆਂ ਛੋੜ, ਆਪ ਇਕ ਪਾਸੇ ਇਕ ਬਿਰਖ ਦੀ ਛਾਵੇਂ ਬਹਿ ਗਿਆ ਤੇ ਡੂੰਘੀਆਂ ਸੋਚਾਂ ਵਿਚ ਗੜੂੰਦ ਹੋ ਗਿਆ। ਸੋਚੀਂ ਡੁੱਬੇ ਦੇ ਚਿਹਰੇ ਤੇ ਇਕ ਭਾਅ ਚਮਕਣ ਲੱਗੀ। ਉਸ ਦੇ ਬੁਲ੍ਹ ਫਰਕੇ ਤੇ ਉਹ ਕਹਿਣ ਲੱਗਾ, "ਹੇ ਰੱਬਾ! ਜੇਕਰ ਤੂੰ ਮੈਨੂੰ ਮਿਲ ਪਵੇਂ ਤਾਂ ਮੈਂ ਤੈਨੂੰ ਆਪਣੀਆਂ ਬੱਕਰੀਆਂ ਦਾ ਤਾਜ਼ਾ ਦੁੱਧ ਪਿਆਵਾਂ; ਤੇਰੇ ਕੱਪੜੇ ਧੋ ਦਿਆਂ; ਦਹੀਂ ਮਲ ਕੇ ਤੈਨੂੰ ਨੁਹਾਵਾਂ ਤੇ ਤੇਰੀ ਸਾਰੀ ਮੈਲ ਲਾਹ ਦਿਆਂ।"

ਇਤਫ਼ਾਕ ਨਾਲ ਹਜ਼ਰਤ ਮੂਸਾ ਓਧਰ ਦੀ ਲੰਘ ਰਹੇ ਸਨ। ਚਰਵਾਹੇ ਦੇ ਬੋਲ ਉਨ੍ਹਾਂ ਦੇ ਕੰਨੀਂ ਵੀ ਆਣ ਪਏ। ਰੱਬ ਦਾ ਅਜਿਹਾ ਹਾਸੋ ਹੀਣਾ ਚਿਤ੍ਰ ਸੁਣ ਕੇ ਉਹ ਕ੍ਰੋਧ ਵਿਚ ਆ ਗਏ। ਚਰਵਾਹੇ ਨੂੰ ਮੋਢਿਓਂ ਝੰਜੋੜ ਕੇ ਬੋਲੇ, "ਓ ਮੂਰਖਾ! ਤੂੰ ਰੱਬ ਨੂੰ ਕੀ ਜਾਤਾ ਹੈ? ਉਹ ਕੁਲ ਜਹਾਨਾਂ ਦਾ ਮਾਲਕ ਹੈ। ਤੇਰੇ ਬਾਕਰੇ ਦੁੱਧ ਦੀ ਉਸ ਨੂੰ ਕੀ ਪ੍ਰਵਾਹ ਪਈ ਹੈ? ਉਹ ਸਾਰੀ ਦੁਨੀਆਂ ਦੀ ਮੈਲ ਕੱਟਣ ਵਾਲਾ ਹੈ, ਤੂੰ ਉਸ ਦੀ ਮੈਲ ਕੱਟਣ ਨੂੰ ਫਿਰਦਾ ਹੈਂ? ਤੂੰ ਰੱਬ ਦੇ ਹਜ਼ੂਰ ਵਿਚ ਗੁਸਤਾਖ਼ੀ ਦੇ ਬਚਨ ਬੋਲੇ ਹਨ।"

ਕਹਿੰਦੇ ਹਨ, ਉਸ ਵੇਲੇ ਆਕਾਸ਼ ਬਾਣੀ ਹੋਈ : "ਮੂਸਾ! ਤੂੰ ਸੰਸਾਰ ਵਿਚ ਮਿਲਾਪ ਕਰਾਉਣ ਲਈ ਆਇਆ ਸੈਂ ਕਿ ਵਿਛੋੜੇ ਪਾਉਣ ਲਈ? ਤੂੰ ਮੇਰੇ ਭਗਤ ਨੂੰ ਮੈਥੋਂ ਵਿਛੋੜ ਦਿੱਤਾ ਹੈ। ਤੂੰ ਉਸ ਦੇ ਬੋਲਾਂ ਵਿਚ ਉਲਝ ਕੇ ਰਹਿ ਗਿਆ, ਉਸ ਦੀ ਭਾਵਨਾ ਨੂੰ ਨਹੀਂ ਸਮਝ ਸਕਿਆ। ਗੁਸਤਾਖ਼ੀ ਉਸ ਨੇ ਨਹੀਂ, ਤੂੰ ਕੀਤੀ ਹੈ।"

ਮੂਸਾ ਦੀਆਂ ਅੱਖਾਂ ਝੁਕ ਗਈਆਂ। ਉਸ ਨੂੰ ਸਮਝ ਆ ਗਈ ਕਿ ਰੱਬ ਦਾ ਨੂਰ ਕੇਵਲ ਕੋਹਿ ਤੂਰ ਦੀਆਂ ਚੋਟੀਆਂ ਉਤੇ ਹੀ ਨਜ਼ਰ ਨਹੀਂ ਆਉਂਦਾ, ਭਾਵਨਾ ਨਾਲ ਕੀਤੀ ਅਰਦਾਸ ਦੇ ਬੋਲ ਨਾਲ ਮਨ ਦੀਆਂ ਡੂੰਘਾਣਾਂ 'ਚੋਂ ਵੀ ਪ੍ਰਗਟ ਆਣ ਹੁੰਦਾ ਹੈ।

ਅਰਦਾਸ ਬੋਲਾਂ ਦੀ ਨਹੀਂ, ਆਤਮਾ ਦੀ ਬਿਹਬਲਤਾ ਹੈ। ਇਸ ਦੀ ਆਵਾਜ਼ ਮਨ ਦੀਆਂ ਗਹਿਰਾਈਆਂ 'ਚੋਂ ਉਠਦੀ ਹੈ। ਆਕਾਸ਼ ਤੱਕ ਇਸ ਦੀ ਰਸਾਈ ਹੈ। ਜਿਹੜੀ ਪੁਕਾਰ ਕੇਵਲ ਕੰਠ ਵਿਚੋਂ ਉਠੇ, ਉਹ ਤਾਂ ਛਤ ਤੀਕਰ ਵੀ ਨਹੀਂ ਅੱਪੜ ਸਕਦੀ। ਆਕਾਸ਼ ਤੀਕਰ ਤਾਂ ਆਤਮਾ ਦੀ ਬਿਹਬਲਤਾ ਹੀ ਪਹੁੰਚਦੀ ਹੈ। ਅਰਦਾਸ ਸ਼ਬਦਾਂ ਦਾ ਚਮਤਕਾਰ ਨਹੀਂ। ਗੱਲਾਂ ਨਾਲ ਤਾਂ ਖਸਮ ਰੀਝਦਾ ਨਹੀਂ। ਅਰਦਾਸ ਤਾਂ ਰੂਹ ਦਾ ਗੀਤ ਹੈ, ਜੋ ਗੀਤ ਵਾਂਗ ਹੀ ਸ਼ਬਦਾਂ ਦੀ ਮੁਥਾਜੀ ਤੋਂ ਮੁਕਤ ਹੈ। ਇਹ ਤਾਂ ਧੁਰ ਅੰਦਰੋਂ ਉਠੀ ਦੁਹਾਈ ਹੈ ਜੋ ਬਿਰਹੇ ਵਾਂਗ ਜਾਗਦੀ ਤੇ ਦਾਤਾਰ ਮਾਲਕ ਦੀ ਮੇਹਰ-ਆਂਦਰਾਂ ਨੂੰ ਧੂਹ ਜਾ ਪਾਂਦੀ ਹੈ। ਇਹ ਕਾਇਆ ਦੀ ਡੰਡੌਤ ਨਹੀਂ, ਆਤਮਾ ਦਾ ਸਿਜਦਾ ਹੈ। ਜੁੜੇ ਹੱਥ ਅਤੇ ਝੁਕਿਆ ਸੀਸ ਤਾਂ ਅੰਦਰਲੇ ਸਮਰਪਨ ਦੇ ਬਾਹਰੀ ਚਿੰਨ੍ਹ ਹਨ। ਜੇਕਰ ਅਸਾਂ ਰਿਦਾ ਨਹੀਂ ਅਰਪਿਆ, ਤਾਂ ਸੀਸ ਨਿਵਾਉਣ ਦਾ ਕੋਈ ਅਰਥ ਨਹੀਂ।

ਦੀਰਘ ਦ੍ਰਿਸ਼ਟੀ ਨਾਲ ਵੇਖੀਏ ਤਾਂ ਮਨੁੱਖ ਦਾ ਇਤਿਹਾਸ ਸੁਧਾ ਅਰਦਾਸ ਦਾ ਇਤਿਹਾਸ ਬਣ ਨਿਤਰਦਾ ਹੈ। ਜੋ ਇਤਿਹਾਸ ਆਮ ਪੜ੍ਹਾਇਆ ਜਾਂਦਾ ਹੈ ਉਹ ਤਾਂ ਬੱਸ ਰਾਜਿਆਂ-ਮਹਾਰਾਜਿਆਂ, ਹਾਕਮਾਂ-ਹੁਕਮਰਾਨਾਂ, ਜਾਬਰਾਂ-ਜਰਵਾਣਿਆਂ, ਧਾੜਵੀਆਂ-ਹਮਲਾਵਰਾਂ, ਵਿਦ੍ਰੋਹੀਆਂ-ਗ਼ੱਦਾਰਾਂ ਦੀਆਂ ਦਾਸਤਾਨਾਂ ਹੀ ਦੱਸਦਾ ਹੈ। ਉਨ੍ਹਾਂ ਅਨਗਿਣਤ ਲੋਕਾਂ ਬਾਰੇ ਕੱਖ ਨਹੀਂ ਦੱਸਦਾ ਜੋ ਇਹਨਾਂ ਸਬਨਾਂ ਦੇ ਜ਼ਬਰ ਦਾ ਸ਼ਿਕਾਰ ਬਣੇ। ਕੀਰਨੇ ਪਾਂਦੀ ਦੁਖੀ ਲੋਕਾਈ ਬਾਰੇ ਇਹ ਇਕ ਅੱਖਰ ਨਹੀਂ ਬੋਲਦਾ। ਇਤਿਹਾਸ ਦੀ ਇਸ ਨਿਰਦਈ ਖ਼ਾਮੋਸ਼ੀ ਦੇ ਬਾਵਜੂਦ ਅਸੀਂ ਨਿਰਸੰਦੇਹ ਆਖ ਸਕਦੇ ਹਾਂ ਕਿ ਸੋਗਵਾਨ ਹਿਰਦੇ ਅਵੱਸ਼ ਕਿਸੇ ਰੱਬ ਅੱਗੇ ਚਿਚਲਾਏ ਹੋਣਗੇ। ਉਸ ਦੇ ਨਾਮ ਦੇ ਉਹਨਾਂ ਕੀਰਨੇ ਪਾਏ ਹੋਣਗੇ। ਸਹਾਇਤਾ ਲਈ ਪੁਕਾਰ ਕੀਤੀ ਹੋਵੇਗੀ। ਉਨ੍ਹਾਂ ਦੇ ਆਤਰ ਬੋਲ ਅਰਦਾਸ ਹੀ ਤਾਂ ਸਨ। ਇੰਞ ਵੇਖੀਏ ਤਾਂ ਮਨੁੱਖੀ ਇਤਿਹਾਸ ਸਾਂਗੋ ਪਾਂਗ ਅਰਦਾਸ ਦਾ ਇਤਿਹਾਸ ਹੋ ਦਿੱਸਦਾ ਹੈ। ਅਰਦਾਸ ਵਿਚ ਜੁੜਿਆ ਮਨ, ਇਸੇ ਲਈ, ਇਕੱਲਾ ਨਹੀਂ ਹੁੰਦਾ। ਉਹ ਤਾਂ ਮਾਨਵ-ਪੀੜਾ ਦੇ ਸਮੁੱਚੇ ਇਤਿਹਾਸ ਨਾਲ ਜੁੜਿਆ ਹੁੰਦਾ ਹੈ। ਅਰਦਾਸ ਦੀ ਗੋਦੀ ਵਿਚ ਤਾਂ ਸਮਸਤ ਦੁਖੀ ਮਨੁੱਖਤਾ ਦੀ ਭਾਵੁਕ ਇਕਮੁੱਠਤਾ ਦਿਸ ਆਉਂਦੀ ਹੈ।

ਅਸੀਂ ਸਾਰੇ ਦੁਖਾਂ-ਦਰਦਾਂ ਮਾਰੇ ਹਾਂ। ਲਾਚਾਰੀਆਂ ਸਾਡੀਆਂ ਵੱਡੀਆਂ ਹਨ, ਬਲ ਸਾਡਾ ਨਿਗੂਣਾ। ਹੋਂਦ ਸਾਡੀ ਅਵਿਰਲ ਤ੍ਰੁੱਟੀਆਂ ਦੀ ਵਿਥਿਆ ਹੈ। ਹਰ ਪਲ ਅਸੀਂ ਕਿਸੇ ਬਲਵਾਨ ਆਸਰੇ ਦੇ ਮੁਤਲਾਸ਼ੀ ਹਾਂ। ਲਾਚਾਰਗੀ ਦੀ ਭੋਇੰ ਤੋਂ ਜਦ ਵੀ ਅਸੀਂ ਕਿਸੇ ਕਲਾਵਾਨ ਆਸਰੇ ਨੂੰ ਹਾਕ ਮਾਰਦੇ ਹਾਂ ਤਾਂ ਅਰਦਾਸ ਕਰ ਰਹੇ ਹੁੰਦੇ ਹਾਂ। ਅਰਦਾਸ ਤਾਂ ਹੈ ਹੀ ਪਰਮ ਸੱਤਾ ਨੂੰ ਆਪਣੀਆਂ ਲੋੜਾਂ-ਥੋੜਾਂ ਵਿਚ ਪ੍ਰਵੇਸ਼ ਕਰਨ ਦਾ ਸੱਦਾ ਦੇਣਾ। ਜਿਸ ਨੇ ਆਪ ਸਾਨੂੰ ਘੜਿਆ ਹੈ, ਸਾਡੀ ਨਿਰਬਲਤਾ ਦਾ ਉਸ ਤੋਂ ਵੱਧ ਕੌਣ ਜਾਣੂ ਹੈ? ਤਦੇ ਤਾਂ ਸਾਡੀ ਬੇਵੱਸ ਮਿੱਟੀ ਨੂੰ ਉਸ ਨੇ ਪੁਕਾਰ ਕਰਨ ਦਾ ਉਚੇਚਾ ਹੱਕ ਦੇ ਰੱਖਿਆ ਹੈ। ਉਸ ਨੂੰ ਪੁਕਾਰਨ ਦੇ ਇਸ ਹੱਕ ਦਾ ਨਾਮ ਹੀ ਅਰਦਾਸ ਹੈ। ਜਦ ਵੀ ਕੋਈ ਵਿਆਕੁਲ ਆਤਮਾ, "ਹੇ ਮੇਰੇ ਪਿਤਾ!" ਦੀ ਪੁਕਾਰ ਕਰਦੀ ਹੈ, "ਹਾਂ ਮੇਰੇ



ਬੱਚੇ!" ਦਾ ਪਿਆਰ-ਹੁੰਗਾਰਾ ਉਸ ਨੂੰ ਅਵੱਸ਼ ਪ੍ਰਾਪਤ ਹੁੰਦਾ ਹੈ।

ਕੁਝ ਵਿਦਵਾਨਾਂ ਅਨੁਸਾਰ 'ਅਰਦਾਸ' ਸ਼ਬਦ ਫ਼ਾਰਸੀ ਦੇ 'ਅਰਜ਼ਦਾਸ਼ਤ' ਦਾ ਸੰਖੇਪਿਆ ਰੂਪ ਹੈ। 'ਅਰਜ਼' ਦੇ ਅਰਥ ਹਨ ਬੇਨਤੀ; ਦਾਸ਼ਤ (ਨ) ਦੇ ਅਰਥ ਹਨ ਰੱਖਣਾ ਯਾ ਪੇਸ਼ ਕਰਨਾ। ਇਉਂ ਅਰਜ਼ਦਾਸ਼ਤ (ਅਥਵਾ ਅਰਦਾਸ) ਦਾ ਅਰਥ ਹੋਇਆ ਕਿਸੇ ਅੱਗੇ ਆਪਣੀ ਬੇਨਤੀ ਰੱਖਣੀ। ਹੋਰ ਕੁਝ ਵਿਦਵਾਨਾਂ ਨੇ ਇਸ ਸ਼ਬਦ ਨੂੰ ਫ਼ਾਰਸੀ ਦੀ ਬਜਾਏ ਸੰਸਕ੍ਰਿਤ ਵਿਚੋਂ ਆਇਆ ਮੰਨਿਆ ਹੈ। ਉਨ੍ਹਾਂ ਦੇ ਮਨ ਅਨੁਸਾਰ ਇਹ 'ਅਰ੍ਦੰ' (=ਮੰਗਣਾ) ਤੇ 'ਆਸ' (=ਮੁਰਾਦ) ਦੀ ਸੰਧੀ ਤੋਂ ਬਣਿਆ ਹੈ, ਤੇ ਇਸ ਦਾ ਅਰਥ ਹੈ ਮੁਰਾਦ ਮੰਗਣ ਦੀ ਕਿਰਿਆ। ਇਹ ਸ਼ਬਦ ਭਾਵੇਂ ਫ਼ਾਰਸੀ 'ਚੋਂ ਆਇਆ ਹੈ, ਭਾਵੇਂ ਸੰਸਕ੍ਰਿਤ ਵਿਚੋਂ, ਗੁਰਮਤਿ ਵਿਚ ਇਸ ਨੇ ਉਚੇਚੇ ਅਰਥ ਧਾਰਨ ਕਰ ਲਏ ਹਨ। ਸਿੱਖ ਇਤਿਹਾਸ ਵਿਚ 'ਅਰਦਾਸ' ਪੰਥ ਦੀ ਸਾਮੂਹਕ ਚੇਤਨਾ ਵਿਚੋਂ ਉਪਜਿਆ ਉਹ ਵਿਸ਼ੇਸ਼ ਬੇਨਤੀ-ਨਾਮਾ ਹੈ ਜਿਸ ਰਾਹੀਂ ਪੰਥ ਦੀਆਂ ਸਮੂਹਕ ਆਕਾਂਖਿਆਵਾਂ ਤੇ ਉਸ ਦੇ ਜੀਆਂ ਦੀਆਂ ਵਿਅਕਤੀਗਤ ਜੋਦੜੀਆਂ ਨੂੰ ਦਾਤਾਰ ਵਾਹਿਗੁਰੂ ਅੱਗੇ ਪੇਸ਼ ਕਰਕੇ ਉਸ ਦੇ ਭਾਣੇ ਵਿਚ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ।

ਕੁਝ ਵਿਦਵਾਨਾਂ ਨੇ ਅਰਦਾਸ ਦਾ ਅੱਖਰੀ ਵਿਵੇਚਨ ਵੀ ਕੀਤਾ ਹੈ। ਉਹ ਇਸ ਪ੍ਰਕਾਰ ਹੈ:

ਅ = ਅੰਤਰਜਾਮੀ ਜੋ ਸਾਡੇ ਅੰਦਰ ਬੈਠਾ ਘਟ ਘਟ ਦੀਆਂ ਜਾਣਦਾ ਹੈ।

ਰ = ਰਾਖਾ ਜਾਂ ਰਖਵਾਲਾ।

ਦ = ਦਾਤਾਰ ਜੋ ਸਭਨਾਂ ਜੀਆਂ ਨੂੰ ਅਣਮੰਗਿਆ ਦਾਨ ਦੇਂਦਾ ਹੈ।

ਸ = ਸਹਾਰਾ, ਆਸਰਾ ਜਾਂ ਓਟ।

ਇਸ ਵਿਵੇਚਨ ਅਨੁਸਾਰ 'ਅਰਦਾਸ' ਉਸ 'ਅੰਤਰਜਾਮੀ', ਸਰਬੱਤ ਦੇ 'ਰਖਵਾਲੇ' 'ਦਾਤਾਰ' ਪ੍ਰਭੂ ਦਾ 'ਸਹਾਰਾ' ਭਾਲਣਾ ਹੈ।

ਅਰਦਾਸ, ਭਾਵਨਾ ਭਰੀ ਅਰਾਧਨਾ ਦਾ ਮੁੱਖ ਸਾਧਨ ਹੈ। ਇਹੀ ਉਹ ਦਸਤਕ ਹੈ ਜਿਸ ਨਾਲ ਦਰਗਾਹ ਦਾ ਦਰਵਾਜ਼ਾ ਖੁਲ੍ਹਦਾ ਹੈ। ਏਹੋ ਉਹ ਕੁੰਜੀ ਹੈ ਜਿਸ ਨਾਲ ਮਨ ਦਾ ਤਾਕ ਉਘੜਦਾ ਹੈ। ਜਿਸ ਦੀ ਅਰਦਾਸ ਪੁੱਗ ਜਾਂਦੀ ਹੈ ਓਹੀ ਜਾਣਦਾ ਹੈ ਕਿ ਮਨ ਦਾ ਤਾਕ ਤੇ ਦਰਗਾਹ ਦਾ ਦੁਆਰ ਦਰਅਸਲ ਇਕੋ ਵਸਤ ਹਨ।

ਲੋੜਾਂ ਮਾਰੇ ਅਸੀਂ ਸਦਾ ਲੋੜਾਂ-ਥੋੜਾਂ ਦੀ ਪੂਰਤੀ ਲਈ ਅਰਦਾਸ ਕਰਦੇ ਆਏ ਹਾਂ। ਇਸ ਤਰ੍ਹਾਂ ਦੀਆਂ ਪ੍ਰਾਰਥਨਾਵਾਂ ਅਰਦਾਸ ਦਾ ਮੁੱਢ ਹੀ ਬਣਦੀਆਂ ਹਨ, ਉਸ ਦਾ ਓੜਕ ਨਹੀਂ ਮਿਥਦੀਆਂ। ਉਚੀ ਅਰਦਾਸ ਤਾਂ ਆਤਮਕ ਪਰਿਪੂਰਨਤਾ ਲਈ ਉਠੀ ਵਿਲਕਣੀ ਹੁੰਦੀ ਹੈ। ਐਸੀ ਅਰਦਾਸ ਸਿਦਕ ਦੀਆਂ ਬਾਹਾਂ ਅੱਡ, ਭਾਵਨਾ ਨਾਲ ਪ੍ਰੀਤਮ ਦੀ ਉਡੀਕ ਕਰਦੀ ਹੈ। ਅਸਲ ਅਰਦਾਸ ਤਾਂ ਆਪਣੀ ਬਿਹਬਲ ਆਤਮਾ ਨੂੰ ਵਾਹਿਗੁਰੂ ਜੀ ਅੱਗੇ ਨੰਗਿਆ ਕਰਨਾ ਹੈ। ਇਹ ਵਿਆਕੁਲ ਮਨਾਂ ਦੀ ਪੁਕਾਰ ਹੀ ਨਹੀਂ, ਮਾਯੂਸ ਦਿਲਾਂ ਦਾ ਸਹਾਰਾ ਵੀ ਬਣਦੀ ਹੈ।

ਸਭ ਤੋਂ ਅੱਵਲ, ਅਰਦਾਸ ਆਪਣੇ ਕਰਤੇ ਦੀ ਕਿਰਤ ਹੋਣ ਦਾ ਇਕਬਾਲ ਹੈ। ਹੱਦਾਂ ਵਿਚ ਵਿਚਰਦਿਆਂ ਅਨਾਹਦ ਨਾਲ ਜੁੜਨ ਦਾ ਉਪਰਾਲਾ ਹੈ। ਰੱਬੀ ਮੇਹਰ ਕੇਵਲ ਸਾਡੀ ਪੁਕਾਰ ਦਾ ਹੁੰਗਾਰਾ ਹੀ ਨਹੀਂ ਭਰਦੀ; ਉਹ ਤਾਂ ਪਹਿਲੋਂ ਇਸ ਪੁਕਾਰ ਦੀ ਆਵਾਜ਼ ਬਣ ਕੇ ਆਉਂਦੀ ਹੈ। ਇਹ ਮਿਹਰਾਮਤ ਹੀ ਤਾਂ ਸਾਡੇ ਅੰਦਰੋਂ ਅਰਦਾਸ ਬਣ ਕੇ ਨਿਕਲਦੀ ਹੈ।

ਅਰਦਾਸ ਰੱਬ ਨਾਲ ਗੋਸ਼ਟੀ ਹੈ; ਉਸੇ ਨਾਲ ਮਸਲਤ ਹੈ। ਉਹੀ ਤਾਂ ਸਾਡਾ ਸਭੋ ਕੁਝ ਹੈ—ਮਾਤਾ-ਪਿਤਾ, ਭੈਣ-ਭਾਈ, ਪ੍ਰੇਮੀ-ਭਰਾਤਾ, ਨਾਇਕ-ਖਸਮ, ਸੱਜਣ-ਸੈਣ, ਸਾਕ-ਸੰਬੰਧੀ; ਕੀ ਨਹੀਂ ਉਹ ਸਾਡਾ? ਤਦੇ ਸਾਡਾ ਹਰ ਸਲਾਹ-ਮਸ਼ਵਰਾ ਉਸੇ ਨਾਲ ਬਣਦਾ ਹੈ। ਜੋ ਸਾਡੇ ਦਿਲਾਂ ਦਾ ਜਾਣੂ ਹੈ, ਅੰਗ-ਸੰਗ ਹੋ ਕੇ ਸਾਡੀ ਨਿਗਾਹਬਾਨੀ ਕਰਦਾ ਹੈ ਉਸ ਦਾ ਨਿਰਮਲ ਭਰੋਸਾ ਹੀ ਸਾਡੀ ਅਰਦਾਸ ਦਾ ਆਧਾਰ ਬਣ ਸਕਦਾ ਹੈ।

ਅਰਦਾਸ ਕੇਵਲ ਬੇਨਤੀ ਯਾ ਪ੍ਰਾਰਥਨਾ ਹੀ ਨਹੀਂ, ਇਸ ਦੇ ਕਈ ਪਾਸਾਰ ਹਨ। ਇਹ, ਮਾਲਕ ਦਾ ਸ਼ੁਕਰਾਨਾ ਥੀ ਕੇ, ਉਸ ਦੀ ਸਿਫ਼ਤ-ਸਲਾਹ ਬਣ ਕੇ, ਸਦਕੇ ਦੀ ਭਾਵਨਾ ਨਾਲ ਭਰੀਜ ਕੇ, ਜਾਂ ਮਾਲਕ ਵੱਲ ਉਡਾਰੀ ਮਾਰਨ ਦੀ ਬਿਹਬਲਤਾ ਨਾਲ ਤੜਪ ਕੇ ਵੀ ਪ੍ਰਗਟ ਹੋ ਸਕਦੀ ਹੈ। ਪਛਤਾਵੇ ਦੇ ਹੰਝੂਆਂ ਨਾਲ ਬਿਭੱਜ ਕੇ, ਤੇ ਨਵੀਂ ਕਿਸੇ ਪ੍ਰਤਿਗਿਆ ਦਾ ਬਚਨ ਬਣ ਕੇ ਵੀ ਰੂਪਮਾਨ ਹੋ ਸਕਦੀ ਹੈ। ਬੋਲਾਂ ਨਾਲ ਇਸ ਦਾ ਵਿਚਿਤ੍ਰ ਸੰਬੰਧ ਹੈ। ਬੋਲੀ ਹੀ ਸਾਡੇ ਮਨ ਦੀ ਬਿਹਬਲਤਾ ਨੂੰ ਪ੍ਰਗਟ ਕਰਦੀ ਹੈ। ਅਰਦਾਸ ਦਾ ਵਾਹਨ ਹੀ ਨਹੀਂ, ਕਈ ਵਾਰ ਤਾਂ ਇਹ ਅਰਦਾਸ ਦਾ ਤੱਤ ਸਾਰ ਹੀ ਬਣ ਜਾਂਦੀ ਹੈ। ਜਿਨ੍ਹਾਂ ਸਿਦਕਵਾਨਾਂ ਸਿੱਖਾਂ ਨੇ ਅਰਦਾਸ ਦੇ ਬੋਲ ਸਿਰਜੇ, ਨਿਰਸੰਦੇਹ ਬੜੀ ਕਮਾਈ ਵਾਲੇ ਲੋਕ ਹਨ। ਅਰਦਾਸ ਦਾ ਇਕ ਇਕ ਵਾਕ ਉਨ੍ਹਾਂ ਜ਼ਿੰਦਗੀ ਵਿਚ ਕਮਾ ਕੇ ਸਿਰਜਿਆ ਹੈ। ਜਿਤਨਾ ਸੁਹਣਾ ਉਨ੍ਹਾਂ ਜੀਵਿਆ, ਓਡੀ ਸੁਹਿਰਦਤਾ ਨਾਲ ਛਲਕਦੇ ਉਨ੍ਹਾਂ ਦੇ ਵਾਕ ਹਨ। ਉਨ੍ਹਾਂ ਦੀ ਅਧਿਆਤਮਕ ਉਚਤਾ ਤੇ ਸਿਦਕ ਦੀ ਪ੍ਰਪੱਕਤਾ ਅੱਗੇ ਹਰ ਜਗਿਆਸੂ ਦਾ ਸਿਰ ਆਪ ਮੁਹਾਰੇ ਝੁਕ ਜਾਂਦਾ ਹੈ। ਅਰਦਾਸ ਦੇ ਉਚੇਰੇ ਮੰਡਲਾਂ ਵਿਚ ਰੱਬ ਦੀ ਰਹਿਮਤ ਦਾ ਅਨੁਭਵ ਅਵਿਰਲ ਵਰਤਦਾ ਹੈ। ਤਦ ਮੰਗਣ ਮੁਕ ਜਾਂਦਾ ਹੈ। ਬੋਲ ਖੜੋਤ ਵਿਚ ਆ ਜਾਂਦੇ ਹਨ। ਉਦੋਂ ਅਰਦਾਸ ਕੀਤੀ ਨਹੀਂ ਜਾਂਦੀ, ਜੀਵੀ ਜਾਂਦੀ ਹੈ।

ਸਿਦਕਵਾਨ ਸਦਾ ਰਜ਼ਾ ਵਿਚ ਰਹਿ ਕੇ ਅਰਦਾਸ ਕਰਦਾ ਹੈ। ਅਰਜ਼ੋਈ ਦੀ ਪੂਰਤੀ ਨੂੰ ਮਾਲਕ ਦੀ ਦਾਤ ਮੰਨਦਾ ਹੈ, ਅਪੂਰਤੀ ਨੂੰ ਮਾਲਕ ਦੀ ਸਿਆਣਪ। ਹਰ ਹਾਲ ਆਪਣੇ ਆਪ ਨੂੰ ਮਾਲਕ ਦੀ ਨਦਰ ਦਾ ਭਾਗੀ ਜਾਣਦਾ ਹੈ। ਐਸਾ ਸਿਦਕ ਹੁੰਦਾ ਹੈ ਅਰਦਾਸ ਦੇ ਸੱਚ ਸਾਧਕਾਂ ਦਾ।

# ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੀ

**ਡਾ. ਹਰਚੰਦ ਸਿੰਘ ਸਰਹਿੰਦੀ ਸ਼੍ਰੋਮਣੀ ਲੇਖਕ**



ਭਰਾਵਾਂ ਦਾ ਬਚਪਨ ਆਮ ਤੌਰ ’ਤੇ ਇਕੋ ਛੱਤ ਹੇਠ ਰਹਿੰਦਿਆਂ, ਇਕੋ ਤਰ੍ਹਾਂ ਦੇ ਸਮਾਜਿਕ ਤੇ ਆਰਥਿਕ ਵਾਤਾਵਰਣ ਵਿਚ ਗੁਜ਼ਰਦਾ ਹੈ, ਜਿਸ ਕਾਰਨ ਉਨ੍ਹਾਂ ਦੀ ਮੁੱਢਲੀ ਮਾਨਸਿਕਤਾ ਵਿਚ ਪੂਰੀ ਸਾਂਝ ਹੁੰਦੀ ਹੈ। ਇਸ ਤਰ੍ਹਾਂ ਸੁਭਾਵਿਕ ਹੀ ਹੈ ਕਿ ਭਰਾਵਾਂ ਵਿਚਕਾਰ ਸ਼ੁਰੂ ਤੋਂ ਹੀ ਇਕ ਦੂਜੇ ਪ੍ਰਤੀ ਪਿਆਰ ਤੇ ਅਪਣੱਤ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਤਾਹੀਉਂ, ਵੱਡੇ ਭਰਾ ਨੂੰ ਵੀਰ ਸ਼ਬਦ ਨਾਲ ਸੰਬੋਧਨ ਹੁੰਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਮੂੰਹ ਵਿਚ ਪਤਾਸਾ ਖੁਰ ਗਿਆ ਹੋਵੇ।

ਪਰਿਵਾਰਕ ਰਿਸ਼ਤਿਆਂ ਵਿਚ ਭਰਾ ਦਾ ਰਿਸ਼ਤਾ ਆਪਣਾ ਵਿਸ਼ੇਸ਼ ਸਥਾਨ ਰੱਖਦਾ ਹੈ। ਸਾਡੇ ਧਾਰਮਿਕ ਗ੍ਰੰਥ ਵੀ ਭਰਾ ਦੇ ਰਿਸ਼ਤੇ ਨੂੰ ਉੱਚ ਰੁਤਬਾ ਬਖ਼ਸ਼ਦੇ ਹਨ। ਗੁਰੂ ਅਰਜਨ ਦੇਵ ਜੀ, ਉਸ ਪ੍ਰਮਾਤਮਾ ਨੂੰ ਭਰਾ ਦੇ ਰੂਪ ਵਿਚ ਸੰਬੋਧਨ ਹੁੰਦੇ ਹਨ। ਫ਼ੁਰਮਾਨ ਹੈ – ‘ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।’ ਸੰਤ ਤੁਲਸੀ ਦਾਸ ਆਪਣੀ ਰਚਨਾ ‘ਰਾਮ ਚਰਿਤ ਮਾਨਸ’ ਵਿਚ ਲਿਖਦੇ ਹਨ ਕਿ ਭਰਾ ਦੇ ਰਿਸ਼ਤਾ ਦਾ ਹੋਰ ਕੋਈ ਬਦਲ ਨਹੀਂ। ਜਦੋਂ ਲਛਮਣ–ਮੂਰਛਤ ਹੋ ਜਾਂਦਾ ਹੈ ਤਾਂ ਭਗਵਾਨ ਰਾਮ ਵਿਰਲਾਪ ਕਰਦੇ ਹੋਏ ਉਸ ਨੂੰ ਮੁਖਾਤਿਬ ਹੁੰਦਿਆਂ ਕਹਿੰਦੇ ਹਨ, ‘ਹੇ ਮੇਰੇ ਭਰਾ! ਆਪਣੇ ਮਨ ’ਚ ਇਹ ਸੋਚ ਕੇ ਹੀ ਉੱਠ ਖਲੋਅ ਕਿ ਸੰਸਾਰ ਵਿਚ ਸਕਾ ਭਰਾ ਹੋਰ ਕਿਧਰੋਂ ਨਹੀਂ ਮਿਲ ਸਕਦਾ।’

ਪੰਜਾਬੀ ਜਨ ਜੀਵਨ, ਖ਼ਾਸਕਰ ਸਾਡੇ ਪੇਂਡੂ ਸਮਾਜਿਕ ਢਾਂਚੇ ਅੰਦਰ ਭਰਾਵਾਂ ਦਾ ਸੰਗਠਨ ਇਕ ਸ਼ਕਤੀ ਬਣ ਕੇ ਉੱਭਰਦਾ ਹੈ, ਜਾਂ ਇਉਂ ਕਹਿ ਲਵੋ, ਭਰਾਵਾਂ ਦੇ ਹੁੰਦਿਆਂ ਬੰਦਾ ਇੰਝ ਮਹਿਸੂਸ ਕਰਦਾ ਹੈ ਜਿਵੇਂ ਭਰਾ ਉਸ ਦੀਆਂ ਵਾਧੂ ਬਾਹਾਂ ਹੋਣ। ਜੀਵਨ ਤਜ਼ਰਬਾ ਦੱਸਦਾ ਹੈ ਕਿ ਇਨ੍ਹਾਂ ‘ਵਾਧੂ ਬਾਹਾਂ’ ਦਾ ਬੜਾ ਆਸਰਾ ਹੁੰਦਾ ਹੈ। ਇਸੇ ਓਟ ਆਸਰੇ ਦਾ ਜ਼ਿਕਰ ਕਰਦਿਆਂ ਵਾਰਿਸ਼ ਸ਼ਾਹ ਲਿਖਦਾ ਹੈ :

**ਲੱਖ ਓਟ ਹੈ ਕੋਲ ਵਸੰਦਿਆਂ ਦੀ,**
**ਭਾਈਆਂ ਗਿਆਂ ਜੇਡੀ ਕਾਈ ਹਾਰ ਨਾਹੀਂ।**

ਸੱਚਮੁੱਚ! ‘ਭਾਈ ਮਰਗੇ ਜਿਨ੍ਹਾਂ ਦੇ ਹਾਣ ਦੇ, ਡੌਲਿਓਂ ਟੁੱਟਗੀ ਬਾਂਹ।’ ਭਰਾਵਾਂ ਦੀ ਅਹਿਮੀਅਤ ਦਾ ਬੰਦੇ ਨੂੰ ‘ਉਦੋਂ ਅਹਿਸਾਸ ਹੁੰਦਾ ਹੈ, ਜਦੋਂ ਉਹ ਚਾਰੇ ਪਾਸਿਓਂ ਸੰਕਟ ਵਿਚ ਘਿਰ ਜਾਂਦਾ ਹੈ ਅਤੇ ਉਸ ਨੂੰ ਭੱਜਦੇ ਨੂੰ ਰਾਹ ਨਹੀਂ ਲੱਭਦਾ। ਮੀਆਂ ਪੀਲੂ ਆਪਣੀ ਪ੍ਰਸਿੱਧ ਰਚਨਾ ‘ਮਿਰਜ਼ਾ–ਸਾਹਿਬਾ’ ਦੇ ਅੰਤਮ ਸ਼ਿਅਰ ਵਿਚ ਮਿਰਜ਼ੇ ਦੇ ਮੂੰਹੋਂ ਅਖਵਾਉਂਦਾ ਹੈ :

**ਜੱਟ ਬਾਝ ਭਰਾਵਾਂ ਮਾਰਿਆਂ,**
**ਅੱਜ ਕੋਈ ਨਾ ਮਿਰਜ਼ੇ ਸੰਗ।**

ਮਨੋਵਿਗਿਆਨ ਦੱਸਦਾ ਹੈ ਕਿ ਮਨੁੱਖ ਦੀ ਇਹ ਮੁੱਢਲੀ ਆਦਤ ਹੈ ਕਿ ਉਹ ਆਪਣੇ ਕਿਸੇ ਨਜ਼ਦੀਕੀ, ਖਾਸਕਰ ਭਰਾ ਨੂੰ ਆਪਣੇ ਨਾਲੋਂ ਵੱਡਾ ਵੇਖ ਕੇ ਖ਼ੁਸ਼ ਨਹੀਂ ਹੁੰਦਾ। ਇਸ ਤਰ੍ਹਾਂ ਸੁਭਾਵਿਕ ਹੀ ਹੈ ਕਿ ਭਰਾਵਾਂ ਵਿਚਕਾਰ ਅਕਸਰ ਲਾਗ ਡਾਟ ਦਾ ਮਾਹੌਲ ਬਣਿਆ ਰਹਿੰਦਾ ਹੈ। ਪਰ ਮਨੋਵਿਗਿਆਨ ਦਾ ਇਹ ਫੈਸਲਾ ਵੀ ਹੈ ਕਿ ਭਰਾਵਾਂ ਵਿਚਕਾਰ ਡੂੰਘੇ ਮਤਭੇਦ ਹੋਣ ਦੇ ਬਾਵਜੂਦ ਉਹ ਇਕ ਦੂਜੇ ਦੀ ਸੁਖ ਸਾਂਦ ਮੰਗਦੇ ਹਨ, ਕਿਉਂਕਿ ਉਨ੍ਹਾਂ ਦੇ ਦਿਲ ਦੇ ਕਿਸੇ ਸਾਫ਼ ਸੁਥਰੇ ਕੋਨੇ ਵਿਚ ਪਿਆਰ ਤੇ ਅਪਣੱਤ ਦੀ ਭਾਵਨਾ ਸੁਰੱਖਿਅਤ ਹੁੰਦੀ ਹੈ। ਭਰਾਵਾਂ ਵਿਚਕਾਰ ਲੜਾਈ ਝਗੜੇ ਦਾ ਮੁੱਢ ਆਮ ਤੌਰ ’ਤੇ ਜੱਦੀ ਜਾਇਦਾਦ ਦੀ ਵੰਡ ਤੋਂ ਬੱਝਦਾ ਹੈ। ਆਦਿ ਕਾਲ ਤੋਂ ਹੀ ਜ਼ਰ, ਜ਼ਮੀਨ ਤੇ ਜੋਰੂ ਦੀ ਲਾਲਸਾ ਸਾਡੀ ਸੋਚ ’ਤੇ ਭਾਰੂ ਰਹੀ ਹੈ ਅਤੇ ਸਾਰੇ ਆਪਸੀ ਰਿਸ਼ਤੇਂ ਏਸੇਕ ੇਂਦਰੀ ਬੰਦੂਦ_ਆਲੇਬ ਣੇਦ 'ਇਰੇਂ ਵਚਘ_ਂਮਦੇਹ ਨ। ਨਿਰਸੰਦੇਹ ਅਜਿਹੇ ਮੰਦਭਾਗੇ ਹਾਲਾਤ ਭਰਾਵਾਂ ਨੂੰ ਇਕ ਦੂਜੇ ਤੋਂ ਦੂਰ ਕਰ ਦਿੰਦੇ ਹਨ, ਪਰ ਦਿਲੋਂ ਉਹ ਇਕ ਦੂਜੇ ਦੀ ਸੁੱਖ ਮੰਗਦੇ ਹਨ, ਕਿਉਂਕਿ ਉਨ੍ਹਾਂ ਦੀਆਂ ਰਗਾਂ ਵਿਚ ਦੌੜ ਰਿਹਾ ਸਾਂਝਾ ਖ਼ੂਨ ਸਮੇਂ–ਸਮੇਂ ਸਿਰ ਉਛਾਲਾ ਮਾਰਦਾ ਰਹਿੰਦਾ ਹੈ। ਇਸ ਤੱਥ ਦੀ ਪੁਸ਼ਟੀ ਲਈ ਇਕ ਮਿਸਾਲ ਪੇਸ਼ ਹੈ : ਮਹਾਂਭਾਰਤ ਯੁੱਧ ਵਿਚ ਭਾਗ ਲੈਣ ਵਾਲੇ ਦੋਵੇਂ ਪਾਸਿਆਂ ਦੇ ਬਹੁਤੇ ਯੋਧੇ, ਕਿਉਂਕਿ ਇਕ ਦੂਜੇ ਨਾਲ ਖ਼ੂਨ ਜਾਂ ਵਿਆਹ ਬੰਧਨ ਵਿਚ ਬੱਝੇ ਰਿਸ਼ਤੇ ਨਾਲ ਜੁੜੇ ਹੋਏ ਸਨ, ਇਸ ਲਈ ਹਰ ਸ਼ਾਮ ਨੂੰ, ਜੰਗ ਬੰਦ ਹੋਣ ’ਤੇ ਦੋਵੇਂ ਪਾਸਿਆਂ ਦੇ ਯੋਧੇ, ਆਪਣੇ ਸਾਕ ਸਬੰਧੀਆਂ ਦੀ ਸੁੱਖ ਮੰਗਦੇ ਹੋਏ ਉਨ੍ਹਾਂ ਦੀ ਭਾਲ ਕਰਦੇ ਸਨ। ਐਵੇਂ ਤਾਂ ਨਹੀਂ ਕਹਿੰਦੇ, ‘ਆਖ਼ਰ ਨੂੰ ਤਾਂ ਗਲ ਨੂੰ ਆਵਣ, ਆਪਣੀਆਂ ਭੱਜੀਆਂ ਬਾਹਵਾਂ।’

ਸੋ, ਭਰਾਵਾਂ ਦੇ ਰਿਸ਼ਤੇ ਵਿਚਲੀ ਵੈਰ ਭਾਵਨਾ ਅਤੇ ਨਾ ਮਿਲਵਰਤਣ ਵਾਲਾ ਰਵੱਈਆ, ਆਮ ਤੌਰ ’ਤੇ ਪਾਣੀ ’ਤੇ ਲਕੀਰ ਵਾਂਗ ਅਸਥਾਈ ਹੁੰਦਾ ਹੈ। ਵਾਰਿਸ ਸ਼ਾਹ ਨੇ ਵੀ ਇਹੋ ਨਿਚੋੜ ਕੱਢਿਆ ਹੈ ਕਿ ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੀ, ਅਤੇ ਭਾਈਆਂ ਬਾਝ ਬਹਾਰ ਨਾਹੀ।

ਕਹਾਣੀ

# ਪਿੱਠੂ ਗਰਮ

ਅਰਕਮਲ ਕੌਰ

ਗਰਮੀਆਂ ਦੀਆਂ ਛੁੱਟੀਆਂ ਸਨ। ਮੇਰਾ ਨਵਾਂ-ਨਵਾਂ ਵਿਆਹ ਹੋਇਆ ਸੀ। ਘਰਦਿਆਂ ਨੇ ਸਾਨੂੰ ਨੈਨੀਤਾਲ ਘੁੰਮਣ ਜਾਣ ਦੀ ਸਲਾਹ ਦਿੱਤੀ। ਮੈਂ ਆਪਣੀ ਨਵੀਂ ਵਿਆਹੀ ਪਤਨੀ, 'ਪੂਜਾ' ਦੇ ਨਾਲ ਰੇਲਵੇ ਸਟੇਸ਼ਨ ਵੱਲ ਤੁਰ ਪਿਆ। ਸਟੇਸ਼ਨ ਸਾਡੇ ਘਰ ਤੋਂ ਜ਼ਿਆਦਾ ਦੂਰ ਨਹੀਂ ਸੀ। ਅਸੀਂ ਹੌਲੀ-ਹੌਲੀ ਗੱਲਾਂ ਕਰਦੇ, ਹੱਸਦੇ-ਖੇਡਦੇ, ਰੇਲਵੇ ਸਟੇਸ਼ਨ ਪਹੁੰਚ ਗਏ। ਸਾਡੀਆਂ ਟਿਕਟਾਂ ਤਾਂ ਪਹਿਲਾਂ ਤੋਂ ਹੀ ਬੁੱਕ ਸਨ। ਪਲੇਟਫਾਰਮ 'ਤੇ ਪਹੁੰਚ ਕੇ ਮੇਰੀਆਂ ਅੱਖਾਂ ਬੇਚੈਨ ਹੋ ਗਈਆਂ ਤੇ ਕੁਝ ਭਾਲਣ ਲੱਗ ਪਈਆਂ।

"ਵਾਰ-ਵਾਰ ਤੁਸੀਂ ਉਸ ਪਾਸੇ ਕਿਉਂ ਦੇਖ ਰਹੇ ਹੋ?" ਮੇਰੀ ਪਤਨੀ ਨੇ ਮੈਨੂੰ ਗਹੁ ਨਾਲ ਦੇਖਦਿਆਂ ਪੁੱਛਿਆ।

"ਕੁਝ ਨਹੀਂ ਪੂਜਾ....ਚਾਰ-ਪੰਜ ਸਾਲ ਪਹਿਲਾਂ ਉਥੇ ਇਕ ਰੁੱਖ ਹੋਇਆ ਕਰਦਾ ਸੀ। ਉਸ ਥੱਲੇ ਇਕ ਅੰਨੀ 'ਬੁੱਢੀ ਮਾਂ' ਤੇ 'ਕਰਮੂ' ਨਾਂ ਦਾ ਮੁੰਡਾ ਰਹਿੰਦੇ ਸਨ। ਬੁੱਢੀ ਮਾਂ ਮੰਗਤੀ ਸੀ ਪਰ ਆਪਣੇ ਬੱਚੇ ਨੂੰ ਬੇਹੱਦ ਪਿਆਰ ਕਰਦੀ ਸੀ। ਉਸ ਦੇ ਪਿਆਰ ਦਾ ਵੀ ਅਨੋਖਾ ਹੀ ਢੰਗ ਸੀ। ਗਾਲ੍ਹਾਂ ਕੱਢ ਕੇ ਪਿਆਰ ਕਰਦੀ ਸੀ ਆਪਣੇ ਪੁੱਤਰ ਨੂੰ।"

"ਕਿਵੇਂ"? ਪੂਜਾ ਨੇ ਹੱਸ ਕੇ ਪੁੱਛਿਆ।

"ਸੱਚ ਪੂਜਾ ਅੱਜ ਵੀ ਉਸ ਦੀਆਂ ਪਿਆਰ ਭਰੀਆਂ ਝਿੜਕਾਂ ਮੇਰੇ ਕੰਨਾਂ 'ਚ ਗੂੰਜਦੀਆਂ ਨੇ। ਇਕ ਦਿਨ ਦੀ ਗੱਲ ਹੈ ਕਿ...।"

ਪੂਜਾ ਧਿਆਨ ਨਾਲ ਸੁਣ ਰਹੀ ਸੀ........।

"ਏਧਰ ਆ, ਕਰਮਾਮਾਰੀ ਦਿਆ...ਆ ਏਥੇ, ਮੇਰੇ ਕੋਲ"। ਕਹਿ ਕੇ ਗੁੱਸੇ ਨਾਲ ਅੰਨੀ ਮੰਗਤੀ ਨੇ ਆਪਣੀ ਸੋਟੀ ਜ਼ਮੀਨ 'ਤੇ ਮਾਰੀ।

ਪੰਜ ਕੁ ਸਾਲ ਦਾ ਇਕ ਛੋਟਾ ਜਿਹਾ ਬੱਚਾ ਹੌਲੀ-ਹੌਲੀ ਤੁਰਦਾ ਹੋਇਆ ਉਸ ਦੇ ਕੋਲ ਆ ਗਿਆ। ਅੰਨੀ ਦੇ ਟੋਂਹਦੇ ਹੱਥਾਂ ਨੇ ਉਸ ਨੂੰ ਫੜ ਕੇ ਦੋ ਚਪੇੜਾਂ ਜੜ ਦਿੱਤੀਆਂ।

"ਮਰਜੇ ਤੇਰੀ ਮਾਂ...ਸਾਰੇ ਪੈਸਿਆਂ ਦੇ ਬੰਟੇ ਖੇਲ ਗਿਐਂ...ਹੁਣ ਖਾਏਗਾ ਕੀ, ਮੇਰਾ ਸਿਰ...? ਭੁੱਖਾ ਸੋਏਂਗਾ ਰਾਤੀ...?"

ਇਸ ਤੋਂ ਪਹਿਲਾਂ ਕਿ ਉਹ ਉਸ ਨੂੰ ਹੋਰ ਮਾਰਦੀ, ਮੈਂ ਕੋਲ ਬੈਠਾ ਬੋਲ ਪਿਆ, "ਏਨੀ ਠੰਢ 'ਚ ਕਿਉਂ ਮਾਰਦੀ ਐਂ ਬੱਚੇ ਨੂੰ...?"

"ਏਹਨੂੰ ਦੋ ਰੁਪਏ ਦਿੱਤੇ ਸੀ ਕੁਛ ਖਾਣ ਵਾਸਤੇ, ਕਿ ਚਲੋ ਢਿੱਡ 'ਚ ਕੁਛ ਚਲਾ ਜਾਏ ਤਾਂ ਰਾਤ ਸੌਖੀ ਕੱਟੀ ਜਾਊ। ਪਰ ਇਹ ਐ ਕਿ ਦੋ ਰੁਪਏ ਦੇ ਬੰਟੇ ਖੇਲ ਗਿਐ। ਹੁਣ ਸਾਰੀ ਰਾਤ ਨੀਂਦ ਨੇ ਇਹਦੇ ਨੇੜੇ ਨੀ ਲੱਗਣਾ। ਪਿਓ ਦਾਦੇ ਨੇ ਬੜੀਆਂ ਜਗੀਰਾਂ ਛੱਡੀਆਂ ਹੋਈਆਂ ਨੇ ਇਹਦੇ ਨਾਂ ਤਾਂ ਜੋ ਦੋ ਰੁਪਏ ਦੀ ਕਦਰ ਨਾ ਕੀਤੀ।" ਰੋਣਹਾਕੀ ਜਿਹੀ ਹੋ ਉਸ ਆਖਿਆ।

ਮੈਂ ਉਸ ਨੂੰ ਇਕ ਭੁੰਨੀ ਹੋਈ ਛੱਲੀ ਲੈ ਕੇ ਦਿੱਤੀ, "ਚੱਲ ਕੋਈ ਗੱਲ ਨਹੀਂ, ਲੈ ਆਹ ਛੱਲੀ ਖਾ ਲਊਗਾ।

ਨਿਆਣਾ ਐ। ਅੱਗੇ ਤੋਂ ਨਾ ਕਰੀਂ ਓਏ।" ਆਖ, ਮੈਂ ਸੋਚੀਂ ਪੈ ਗਿਆ ਕਿ ਬੱਚਾ ਕਿੰਨਾ ਫਰਮਾਬਰਦਾਰ ਹੈ। ਅੰਨ੍ਹੀ ਮਾਂ ਨੂੰ ਕੀ ਦਿਸਣਾ ਸੀ ਜੇ ਉਹ ਕੋਲ ਨਾ ਆਉਂਦਾ ਤਾਂ? ਉਹ ਇਹਨੂੰ ਮਾਰ ਕਿਵੇਂ ਸਕਦੀ ਸੀ? ਮੈਂ ਉਸ ਬੱਚੇ ਨੂੰ ਆਪਣੇ ਕੋਲ ਬੁਲਾ ਕੇ ਪੁੱਛਿਆ, "ਜਦੋਂ ਤੈਨੂੰ ਤੇਰੀ ਮਾਂ ਗੁੱਸੇ 'ਚ ਅਵਾਜ਼ਾਂ ਮਾਰਦੀ ਸੀ ਤਾਂ ਤੂੰ ਉਹਦੇ ਨੇੜੇ ਕਿਉਂ ਗਿਆਂ? ਉਸਨੂੰ ਕਿਹੜਾ ਦਿਸਦੈ?"

ਉਹ ਝੱਟ ਬੋਲ ਪਿਆ, "ਲੈ ਕਿਵੇਂ ਨਾ ਆਉਂਦਾ ਉਹਦੇ ਕੋਲ? ਉਹ ਮੇਰੀ ਮਾਂ ਐ।"

ਮੈਨੂੰ ਉਸ ਦੇ 'ਮਾਂ' ਪ੍ਰਤੀ ਆਦਰ ਨੂੰ ਵੇਖ ਕੇ ਅੰਦਰੂਨੀ ਖੁਸ਼ੀ ਹੋਈ।

"ਸੁਣੋ ...ਉਹ ਦੇਖੋ ਗੱਡੀ ਆ ਗਈ।"

ਮੈਂ ਪੂਜਾ ਦਾ ਹੱਥ ਫੜਿਆ ਤੇ ਦੋਵੇਂ ਗੱਡੀ ਅੰਦਰ ਬੈਠ ਗਏ। ਥੋੜੇ ਸਮੇਂ ਬਾਅਦ ਪੂਜਾ ਬੋਲੀ, "ਫੇਰ ਕੀ ਹੋਇਆ?"

ਫੇਰ...ਇਕ ਦਿਨ ਕਰਮੂ, ਮੇਰੇ ਪਿੱਛੇ-ਪਿੱਛੇ ਤੁਰਦਾ ਹੋਇਆ ਮੇਰੇ ਸਕੂਲ ਆ ਪਹੁੰਚਾ।

ਉਹਨੀਂ ਦਿਨੀਂ ਮੈਂ ਕਾਰਪੋਰੇਸ਼ਨ ਦੇ ਸਕੂਲ 'ਚ ਪੜ੍ਹਾਇਆ ਕਰਦਾ ਸੀ। ਜਿੱਥੇ ਗਰੀਬ ਬੱਚਿਆਂ ਨੂੰ ਖਾਣਾ ਤੇ ਵਰਦੀ ਵੀ ਮਿਲਦੀ ਸੀ। ਮੈਂ ਸੋਚਿਆ ਚਲੋ ਇਹ ਬੱਚਾ ਜੇ ਪੜ੍ਹ ਲਿਖ ਜਾਵੇ ਤਾਂ ਮੈਨੂੰ ਕੀ ਹਰਜ ਹੈ। ਮੈਂ ਉਸ ਨੂੰ ਉਥੇ ਦਾਖਲਾ ਦੁਆ ਦਿੱਤਾ। ਹੈਰਾਨੀ ਦੀ ਗੱਲ ਹੈ ਕਿ ਉਹ ਰੋਜ਼ ਮੇਰੇ ਪਿੱਛੇ-ਪਿੱਛੇ ਤੁਰ ਕੇ ਸਕੂਲ ਆ ਜਾਂਦਾ। ਦੇਖਦਿਆਂ ਹੀ ਦੇਖਦਿਆਂ ਸਾਲ ਲੰਘ ਗਿਆ।

ਪੜ੍ਹਾਈ 'ਚ ਰੁਝਾਨ ਹੋਣ ਕਾਰਨ ਉਸ ਨੂੰ ਸਾਰੇ ਹੀ ਪਿਆਰ ਕਰਦੇ। ਪਰ ਕਿਤੇ ਨਾ ਕਿਤੇ ਆਰਥਕ ਤੰਗੀ ਉਸ ਨੂੰ ਪਰੇਸ਼ਾਨ ਕਰਦੀ ਰਹਿੰਦੀ। ਸਮੇਂ ਦੇ ਨਾਲ-ਨਾਲ ਉਸ ਦਾ ਵਰਤਾਓ ਤੇ ਸੁਭਾਅ ਵੀ ਬਦਲਣ ਲੱਗ ਪਿਆ। ਇਓਂ ਜਾਪਦਾ ਕਿ ਉਸਦਾ ਬਚਪਨ ਕਿਤੇ ਖੰਭ ਲਾ ਕੇ ਉੱਡ ਗਿਆ ਹੋਵੇ...। ਉਹ ਸਕੂਲ ਤੋਂ ਬਾਅਦ ਛੋਟੇ ਛੋਟੇ ਕੰਮ ਕਰਨ ਲੱਗ ਪਿਆ। ਕਦੇ ਕਾਰਾਂ ਸਾਫ਼ ਕਰਦਾ ਤੇ ਕਦੇ ਸਬਜ਼ੀ ਮੰਡੀ ਜਾ ਕੇ ਟੋਕਰੀਆਂ ਢੋਣ ਦਾ ਕੰਮ ਕਰਦਾ ਤੇ ਕਦੇ ਬੂਟ ਪਾਲਿਸ਼ ਕਰਨ ਦਾ ਕੰਮ ਕਰਨ ਲੱਗ ਜਾਂਦਾ।

ਇਕ ਦਿਨ ਮੈਂ ਪਲੇਟਫਾਰਮ ਤੇ ਬੈਠਾ ਗੱਡੀ ਦੀ ਇੰਤਜ਼ਾਰ ਕਰ ਰਿਹਾ ਸੀ ਕਿ ਕਰਮੂ ਨਾਲ ਟਾਕਰਾ ਹੋ ਗਿਆ। ਉਸਨੇ ਹਮੇਸ਼ਾ ਵਾਂਗ ਦੋਵੇਂ ਹੱਥ ਜੋੜ ਕੇ ਮੁਸਕਰਾਉਂਦਿਆਂ ਹੋਇਆਂ ਸਤਿ ਸ੍ਰੀ ਅਕਾਲ ਆਖਿਆ। ਮੈਂ ਸਤਿ ਸ੍ਰੀ ਅਕਾਲ ਬੁਲਾਉਣ ਤੋਂ ਬਾਅਦ ਐਵੇਂ ਹੀ ਉਸਨੂੰ ਉਸ ਦੇ ਕੰਮ ਕਰਨ ਦਾ ਕਾਰਣ ਪੁੱਛ ਬੈਠਾ। ਆਖਣ ਲੱਗਾ, "ਮਾਸਟਰ ਜੀ ਸਕੂਲ ਆਉਣ ਤੋਂ ਪਹਿਲਾਂ ਤਾਂ ਮੈਂ ਇਕ ਜਾਨਵਰ ਜਿਹਾ ਹੁੰਦਾ ਸੀ। ਮੇਰੀ ਅੰਨ੍ਹੀ ਮਾਂ ਕਦੇ ਧੁੱਪੇ ਤੇ ਕਦੇ ਬਰਸਾਤ 'ਚ ਹੀ ਬੈਠੀ ਰਹਿੰਦੀ ਤੇ ਮੈਂ ਆਪਣਾ ਖੇਡਦਾ ਰਹਿੰਦਾ। ਪਰ ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਮੇਰੀ ਮਾਂ ਨੂੰ ਮੈਂ ਇਕ ਕਮਰਾ ਬਣਾ ਕੇ ਦਿਆਂ, ਜਿੱਥੋਂ ਉਹਨੂੰ ਕੋਈ ਡੰਡੇ ਮਾਰ ਕੇ ਬਾਹਰ ਨਾ ਕੱਢ ਸਕੇ। ਅਰਾਮ ਨਾਲ ਬੈਠ ਕੇ ਰੋਟੀ ਖਾ ਸਕੇ।"

ਉਸ ਦਿਨ ਮੈਨੂੰ ਉਸਦੀ ਸੋਚ 'ਤੇ ਬਹੁਤ ਫਖ਼ਰ ਹੋਇਆ। ਇਉਂ ਥੋੜੇ-ਥੋੜੇ ਪੈਸੇ ਕਮਾ ਕੇ ਉਹ ਬੂਟ ਪਾਲਿਸ਼ ਦਾ ਸਮਾਨ ਲੈ ਆਇਆ ਤੇ ਸ਼ਾਮ ਨੂੰ ਭੀੜ ਵਾਲੇ ਰਾਹਾਂ 'ਤੇ ਉਹ ਲੋਕਾਂ ਦੇ ਬੂਟ ਪਾਲਿਸ਼ ਕਰਨ ਲੱਗ ਪਿਆ। ਅਚਾਨਕ ਇਕ ਦਿਨ ਕਰਮੂ ਬਹੁਤ ਉਦਾਸ ਦਿਖਿਆ। ਮੈਂ ਉਸ ਦੀ ਉਦਾਸੀ ਦਾ ਕਾਰਣ ਪੁੱਛਿਆ ਤਾਂ ਉਹ ਰੋ ਪਿਆ। ਕਹਿਣ ਲੱਗਾ, "ਪੁਲਸ ਵਾਲੇ ਮੈਨੂੰ ਬੂਟ ਪਾਲਸ਼

ਨਹੀਂ ਕਰਨ ਦਿੰਦੇ। ਕਹਿੰਦੇ ਨੇ ਚੌਦਾਂ ਸਾਲਾਂ ਤੋਂ ਪਹਿਲਾਂ ਮੈਂ ਕੋਈ ਕੰਮ ਨਹੀਂ ਕਰ ਸਕਦਾ। ਇਉਂ ਤਾਂ ਮੈਂ ਆਪਣੀ ਮਾਂ ਵਾਸਤੇ ਕਦੀ ਵੀ ਮਕਾਨ ਨਹੀਂ ਲੈ ਸਕਾਂਗਾ। ਪਰ ਮਾਸਟਰ ਜੀ ਟੀ. ਵੀ. 'ਚ ਵੀ ਤਾਂ ਬੱਚੇ ਕੰਮ ਕਰਦੇ ਨੇ ਅਤੇ ਫਿਲਮਾਂ ਵਿਚ ਵੀ। ਉਨ੍ਹਾਂ ਨੂੰ ਕੋਈ ਕੁਛ ਕਿਉਂ ਨਹੀਂ ਕਹਿੰਦਾ? ਉਹ ਵੀ ਚੌਦਾਂ ਸਾਲ ਤੋਂ ਛੋਟੇ ਹੁੰਦੇ ਨੇ।"

ਮੈਂ ਉਸ ਦੇ ਮਾਸੂਮ ਚਿਹਰੇ ਦੀ ਬਿਆਨੀ ਹੋਈ ਸੱਚਾਈ ਨੂੰ ਸਮਝ ਰਿਹਾ ਸੀ ਤੇ ਜਵਾਬ ਦੇਣ ਲਈ ਆਪਣੇ ਆਪ ਨੂੰ ਟੋਹ ਰਿਹਾ ਸੀ ਕਿ ਉਹ ਮੇਰੇ ਤੋਂ ਪਹਿਲਾਂ ਹੀ ਬੋਲ ਪਿਆ, "ਸ਼ਾਇਦ ਉਹ ਅਮੀਰਾਂ ਦੇ ਬੱਚੇ ਨੇ ਏਸ ਲਈ...ਮਾਸਟਰ ਜੀ ਕੀ ਸਾਡੇ ਜਿਹੇ ਲੋਕ ਕਦੇ ਵੀ ਅਮੀਰ ਨਹੀਂ ਬਣ ਸਕਦੇ?"

ਮੈਂ ਉਸ ਨੂੰ ਧਰਵਾਸ ਦਿੱਤਾ ਕਿ "ਤੂੰ ਜ਼ਰੂਰ ਵੱਡਾ ਹੋ ਕੇ ਇਕ ਦਿਨ ਅਮੀਰ ਬਣੇਂਗਾ।" ਉਹ ਰੋਣਹਾਕਾ ਜਿਹਾ ਹੋਇਆ, ਆਪਣੀ ਮਾਂ ਕੋਲ ਚਲਾ ਗਿਆ। ਪਰ ਦੂਜੇ ਹੀ ਦਿਨ ਉਹ ਬਹੁਤ ਖੁਸ਼-ਖੁਸ਼ ਸਕੂਲ ਆਇਆ।

"ਮਾਸਟਰ ਜੀ....ਮਾਸਟਰ ਜੀ.......ਮੈਂ ਹੁਣ ਫੇਰ ਤੋਂ ਆਪਣਾ ਕੰਮ ਕਰਨ ਲੱਗ ਪਿਆ ਹਾਂ। ਪੁਲਸ ਵਾਲੇ ਹੁਣ ਮੈਨੂੰ ਕਦੇ ਤੰਗ ਨਹੀਂ ਕਰਨਗੇ। ਉਹ ਮੈਥੋਂ ਸਿਰਫ 'ਹਫ਼ਤਾ' ਲਿਆ ਕਰਨਗੇ। ਚਲੋ ਥੋੜਾ ਜਿਹਾ ਪੈਸਾ ਦੇ ਕੇ, ਮੈਂ ਵੀ ਤਾਂ ਕਮਾ ਸਕਾਂਗਾ।"

ਇਹ ਸੁਣਦੇ ਸਾਰ ਹੀ ਮੈਂ ਪਰੇਸ਼ਾਨ ਹੋ ਗਿਆ। ਉਸਦੇ ਬਾਲ ਮਨ 'ਤੇ ਝਰੀਟ ਵੱਜੀ ਵੇਖ ਮੈਂ ਉਸ ਵੱਲ ਦੇਖਦਾ ਹੀ ਰਹਿ ਗਿਆ। ਨਿੱਕੀ ਜਿਹੀ ਉਮਰ ਵਿੱਚ ਹੀ ਉਸ ਦਾ ਜ਼ਿੰਦਗੀ ਜਿਉਣ ਦਾ ਤਜ਼ਰਬਾ ਮੈਥੋਂ ਵੀ ਵਧ ਗਿਆ ਸੀ। ਮੂੰਹ ਅੱਡੀ ਮੈਂ ਮੂਕ ਜਿਹਾ ਉਸ ਵੱਲ ਸਿਰਫ਼ ਵੇਖ ਰਿਹਾ ਸੀ।

"ਮਾਸਟਰ ਜੀ, ਅਸੀਂ ਗ਼ਰੀਬ ਲੋਕ ਹਾਂ.......ਸਾਡੀਆਂ ਤਾਂ ਜੜ੍ਹਾਂ ਹੀ ਖੋਖਲੀਆਂ ਨੇ ਤੇ ਖੋਖਲੀਆਂ ਜੜ੍ਹਾਂ ਵਾਲਾ ਰੁੱਖ ਕਿੰਨੀ ਕੁ ਦੇਰ ਖੜ੍ਹਾ ਰਹਿ ਸਕਦੈ? ਕੁਝ ਨੇਰ੍ਹੀਆਂ ਆ ਚੁੱਕੀਆਂ ਨੇ ਤੇ ਕੁਝ ਹੋਰ ਆਉਣਗੀਆਂ। ਦਿਲ ਦੀਆਂ ਦਿਲ 'ਚ ਹੀ ਲੈ ਕੇ ਇਕ ਦਿਨ ਢੱਠ ਜਾਵਾਂਗੇ।"

ਉਸ ਦੀ ਮਜ਼ਬੂਰੀ ਮੈਨੂੰ ਆਪਣੀ ਬੇਵਸੀ ਜਾਪੀ। ਮੈਨੂੰ ਮੇਰਾ ਆਪਣਾ ਅਤੀਤ ਯਾਦ ਆ ਗਿਆ ਕਿ ਕਿਵੇਂ ਚੁਰਾਸੀ ਦੇ ਦੰਗਿਆਂ ਚ ਮੇਰੇ ਬਾਪੂ ਜੀ ਨੂੰ ਕਤਲ ਕਰ ਦਿੱਤਾ ਗਿਆ ਸੀ...? ਕਿਵੇਂ ਮੇਰੀ ਮਾਂ ਨੂੰ ਮੇਰੀ ਪੜ੍ਹਾਈ ਵਾਸਤੇ ਜ਼ਮੀਨ ਗਹਿਣੇ ਰੱਖਣੀ ਪਈ ਸੀ...? ਤੇ ਕਿਵੇਂ ਮੇਰੇ ਬਾਲ-ਮਨ ਵਿਚ ਸਦਾ ਮਾਂ ਨੂੰ ਸੁੱਖ ਦੇਣ ਦਾ ਖਿਆਲ ਰਹਿੰਦਾ ਸੀ। ਮੇਰੇ ਬਾਲ-ਮਨ ਵਿੱਚ ਪੈਸਾ ਕਮਾ ਕੇ ਆਪਣੀ ਗਹਿਣੇ ਪਈ ਜ਼ਮੀਨ ਨੂੰ ਛੁਡਾਉਣ ਦਾ ਸੁਪਨਾ ਸਮਾਇਆ ਰਹਿੰਦਾ ਸੀ। ਮਿਹਨਤ ਕਰ ਕੇ ਆਪਣੇ ਸੁਪਨੇ ਪੂਰੇ ਕਰਨਾ ਕੋਈ ਅਪਰਾਧ ਤਾਂ ਨਹੀਂ। ਕਰਮੂ ਸੱਚ ਕਹਿ ਰਿਹਾ ਸੀ ਕਿ ਫਿਲਮਾਂ ਤੇ ਟੀ. ਵੀ. ਸੀਰੀਅਲਾਂ 'ਚ ਵੀ ਬੱਚੇ ਕੰਮ ਕਰਦੇ ਨੇ। ਛੋਟੀਆਂ-ਛੋਟੀਆਂ ਬੱਚੀਆਂ ਬਲਾਤਕਾਰ ਦੇ ਦ੍ਰਿਸ਼ ਦਰਸਾਉਂਦੀਆਂ ਨੇ ਪਰ ਸਾਡੀ ਜਨਤਾ ਤੇ ਨੇਤਾ ਉਹ ਦ੍ਰਿਸ਼ ਦੇਖ ਕੇ ਤਾੜੀਆਂ ਵਜਾਉਂਦੇ ਨੇ। ਉਹਨਾਂ ਬੱਚਿਆਂ 'ਤੇ ਕੋਈ ਰੋਕ ਕਿਓਂ ਨਹੀਂ...?

"ਮਾਸਟਰ ਜੀ ਕੀ ਸੋਚ ਰਹੇ ਹੋ?"

ਕੁਛ ਨਹੀਂ ਕਰਮੂ, ਤੂੰ ਆਪਣਾ ਮਨ ਪੜ੍ਹਾਈ 'ਚ ਲਾ ਤੇ ਪੜ੍ਹ-ਲਿਖ ਕੇ ਇਕ ਵੱਡਾ ਆਦਮੀ ਬਣ।

"ਪੜ੍ਹ-ਲਿਖ ਕੇ ਮੈਂ ਪੁਲਸ ਦਾ ਸਿਪਾਹੀ ਬਣਾਂ..? ਤੇ ਫੇਰ ਗਰੀਬਾਂ ਤੋਂ ਹਫ਼ਤਾ ਲੈ ਕੇ ਆਪਣੀ ਮਾਂ ਵਾਸਤੇ ਮਕਾਨ ਬਣਾਵਾਂ....? ਮਾਸਟਰ ਜੀ ਇਹ ਮੇਰੇ ਤੋਂ ਨਹੀਂ ਹੋਣਾ। ਏਸ ਪੜ੍ਹਾਈ ਤੋਂ ਤਾਂ ਮੈਂ ਅਨਪੜ੍ਹ ਹੀ ਚੰਗਾ ਸੀ। ਮੰਗ ਕੇ ਖਾਂਦੇ ਸੀ ਪਰ ਕਿਸੇ ਦਾ ਹੱਕ ਤਾਂ ਨਹੀਂ ਸੀ ਖੋਂਹਦੇ। ਅਸੀਂ ਮੰਗਤੇ ਹੋ ਕੇ ਵੀ ਇਨਸਾਨ ਤੇ ਇਨਸਾਨੀਅਤ ਨੂੰ ਪਿਆਰ ਕਰਦੇ ਹਾਂ। ਉਹ ਜੋ ਅੰਨੀ ਮੰਗਤੀ ਹੈ ਨਾ...ਉਹ ਮੇਰੀ ਮਾਂ ਨਹੀਂ ਐ। ਮੇਰੀ ਮਾਂ ਤਾਂ ਮਰ ਚੁੱਕੀ ਐ। ਉਹ ਵੀ ਮੰਗਤੀ ਹੀ ਸੀ। ਉਸ ਅੰਨੀ ਮੰਗਤੀ ਦੇ ਨਾਲ ਹੀ ਮੰਗਿਆ ਕਰਦੀ ਸੀ। ਪਰ ਸੱਚ ਕਹਿੰਦਾ ਹਾਂ, ਜਦ ਦੀ ਮੇਰੀ ਮਾਂ ਮਰੀ ਹੈ ਉਸ ਔਰਤ ਨੇ ਮੈਨੂੰ ਕਦੇ ਮਾਂ ਦੀ ਕਮੀ ਮਹਿਸੂਸ ਨਹੀਂ ਹੋਣ ਦਿੱਤੀ। ਬਹੁਤ ਪਿਆਰ ਦਿੱਤਾ ਹੈ। ਪਤਾ ਨਹੀਂ ਕਿਓਂ ਮੈਂ ਸਕੂਲ 'ਚ ਜਾਣ ਵਾਲੇ ਬੱਚਿਆਂ ਨੂੰ ਦੇਖ ਬਿਹਬਲ ਹੋ ਉੱਠਦਾ ਸਾਂ ਕਿ ਮੈਂ ਵੀ ਸਕੂਲ ਜਾਵਾਂ। ਪਰ ਅੱਜ ਮੇਰਾ ਸਕੂਲ ਜਾਣ 'ਤੇ ਦਿਲ ਨਹੀਂ ਕਰਦਾ। ਮੈਂ ਜਾਣ ਚੁੱਕਾ ਹਾਂ ਕਿ ਪੜ੍ਹੇ-ਲਿਖੇ ਲੋਕਾਂ ਨੇ ਹੀ ਮੇਰੀ ਮਾਂ ਨੂੰ ਮੰਗਣ 'ਤੇ ਮਜ਼ਬੂਰ ਕੀਤਾ ਸੀ। ਉਹ ਜਨਮ ਤੋਂ ਮੰਗਤੀ ਨਹੀਂ ਸੀ।"

"ਹਾਂ ਕਰਮੂ, ਮੈਂ ਜਾਣਦਾ ਹਾਂ ਕਿ ਜਨਮ ਤੋਂ ਤਾਂ ਕੋਈ ਵੀ ਮੰਗਤਾ ਨਹੀਂ ਹੁੰਦਾ ਪਰ ਹਾਲਾਤ ਮਜ਼ਬੂਰ ਕਰ ਦਿੰਦੇ ਹਨ।"

"ਮਾਸਟਰ ਜੀ ਉਹ ਦੇਖੋ...ਇਕ ਕੁੜੀ ਸੜਕ 'ਤੇ ਮੰਗ ਰਹੀ ਹੈ। ਲੋਕ ਵੀ ਉਸ ਨੂੰ ਪੈਸੇ ਦੇ ਰਹੇ ਹਨ ਪਰ ਇਕ ਕੁੜੀ ਸਾਹਮਣੇ ਹੀ ਕੁਝ ਵੇਚ ਰਹੀ ਹੈ ਪਰ ਲੋਕ ਉਸ ਨੂੰ 'ਮੁਆਫ਼ ਕਰਨਾ' ਕਹਿ ਕੇ ਅੱਗੇ ਲੰਘ ਜਾਂਦੇ ਹਨ। ਹੁਣ ਤੁਸੀਂ ਖ਼ੁਦ ਹੀ ਅੰਦਾਜ਼ਾ ਲਾ ਲਓ ਕਿ ਲੋਕ ਤੁਹਾਨੂੰ ਖ਼ੁਦ ਹੀ ਮੰਗਣ ਲਈ ਪ੍ਰੇਰਦੇ ਹਨ ਕਿ ਨਹੀਂ?"

ਮੈਨੂੰ ਕੁਝ ਵੀ ਉਸ ਵੇਲੇ ਸੁੱਝ ਨਹੀਂ ਸੀ ਰਿਹਾ। ਮੇਰੀ ਗੱਡੀ ਵੀ ਆਉਣ ਵਾਲੀ ਸੀ। "ਅੱਛਾ ਕਰਮੂ ਮੇਰੀ ਗੱਡੀ ਆਉਣ ਵਾਲੀ ਹੈ ਤੇ ਕੱਲ੍ਹ ਤੇਰਾ ਇਮਤਿਹਾਨ ਵੀ ਹੈ। ਹੁਣ ਤੂੰ ਜਾਹ ਤੇ ਜਾ ਕੇ ਪੜ੍ਹ। ਸੱਚ ਦੇ ਸਾਹਮਣੇ ਹਮੇਸ਼ਾ ਬਹਿਸ ਜਿੱਤ ਜਾਂਦੀ ਹੈ। ਤੂੰ ਹਾਲੇ ਜ਼ਿੰਦਗੀ ਦੀ ਤਸਵੀਰ ਦਾ ਇਕ ਰੁਖ ਦੇਖਿਆ ਹੈ। ਦੂਜਾ ਦੇਖਣਾ ਹਾਲੇ ਬਾਕੀ ਹੈ। ਉਹ ਤੂੰ ਪੜ੍ਹ-ਲਿਖ ਕੇ ਹੀ ਦੇਖ ਸਕੇਂਗਾ। ਜ਼ਰੂਰੀ ਨਹੀਂ ਕਿ ਸਾਰੇ ਪੁਲਿਸ ਵਾਲੇ ਇਕੋ ਜਿਹੇ ਹੋਣ। ਇਕ ਬੰਦੇ ਨੂੰ ਲੈ ਕੇ ਤੂੰ ਸਾਰੇ ਬੰਦਿਆਂ ਵਾਸਤੇ ਇਕੋ ਜਿਹੀ ਰਾਇ ਕਿਵੇਂ ਕਾਇਮ ਕਰ ਸਕਦੈਂ? ਮੈਂ ਵੀ ਤਾਂ ਹਾਂ ਜਿਹਨੇ ਤੈਨੂੰ ਪੜ੍ਹਨ ਦੀ ਰਾਹ 'ਤੇ ਤੋਰਿਆ। ਕੀ ਮੈਂ ਤੈਥੋਂ ਕੋਈ ਫਾਇਦਾ ਚੁੱਕਿਆ ਹੈ?

"ਨਹੀਂ ਮਾਸਟਰ ਜੀ।"

"ਤਾਂ ਫੇਰ ਤੂੰ ਇਹ ਕਿਓਂ ਸੋਚਦੈਂ ਕਿ ਸਾਰੇ ਹੀ ਬੰਦੇ ਉਸ ਪੁਲਸੀਏ ਵਰਗੇ ਹੁੰਦੇ ਨੇ ਜੋ ਤੇਥੋਂ ਹਫ਼ਤਾ ਮੰਗਦੈ? ਕੁਝ ਬੰਦੇ ਮੇਰੇ ਵਰਗੇ ਵੀ ਨੇ। ਏਸੇ ਲਈ ਮੈਂ ਤੈਨੂੰ ਆਖਦਾ ਹਾਂ ਕਿ ਤੂੰ ਵੀ ਪੜ੍ਹ-ਲਿਖ ਕੇ ਪੁਲਿਸ 'ਚ ਹੀ ਭਰਤੀ ਹੋ ਕੇ ਆਪਣੀ ਤਨਖਾਹ ਵਿੱਚੋਂ ਆਪਣੀ ਮਾਂ ਵਾਸਤੇ ਮਕਾਨ ਬਣਾ ਨਾ ਕਿ ਹਫ਼ਤਾ ਲੈ ਕੇ...।"

"ਠੀਕ ਐ ਮਾਸਟਰ ਜੀ...ਤੁਹਾਡੀ ਗੱਡੀ ਆ ਗਈ...ਅੱਛਾ ਰੱਬ ਰਾਖਾ ਜੀ।"

ਉਸਨੂੰ ਸਮਝਾ ਕੇ ਮੈਂ ਗੱਡੀ 'ਚ ਬੈਠ ਗਿਆ ਪਰ ਜਿਉਂ ਹੀ ਗੱਡੀ ਨੇ ਰਫ਼ਤਾਰ ਫੜੀ, ਮੇਰੀਆਂ ਅੱਖਾਂ ਖੁਦ-ਬ-ਖੁਦ ਬੰਦ ਹੋ ਗਈਆਂ। ਮੇਰੀਆਂ ਬੰਦ ਅੱਖਾਂ ਸਾਹਮਣੇ ਕਿੰਨੇ ਹੀ ਕਰਮੂ ਆ ਖੜ੍ਹੇ ਹੋਏ। ਜੋ ਸਿਰਫ ਪੁਲਿਸ ਦੇ ਮਹਿਕਮੇ ਦੀ ਹੀ ਗੱਲ ਨਹੀਂ ਸੀ ਕਰ ਰਹੇ ਬਲਕਿ ਹੋਰ ਵੀ ਕਈ ਮਹਿਕਮਿਆਂ ਬਾਰੇ ਗੱਲਾਂ ਕਰ ਰਹੇ ਸਨ, ਜਿਨ੍ਹਾਂ-ਜਿਨ੍ਹਾਂ ਨਾਲ ਵੀ ਉਨ੍ਹਾਂ ਦਾ ਵਾਹ ਪਿਆ ਸੀ, ਕਰਮੂ ਨੂੰ ਤਾਂ ਮੈਂ ਸਮਝਾ-ਬੁਝਾ ਕੇ ਚੁੱਪ ਕਰਾ ਦਿੱਤਾ ਸੀ ਪਰ ਇਨ੍ਹਾਂ ਸਾਰਿਆਂ ਦਾ ਕੀ ਕਰਾਂ?

ਮੈਨੂੰ ਖਾਮੋਸ਼ ਬੈਠਿਆਂ ਦੇਖ ਦੇ ਨਾਲ ਦੀ ਸੀਟ 'ਤੇ ਬੈਠਾ ਮੁਸਾਫ਼ਰ ਦੇਸ਼ 'ਚ ਪਏ 'ਸੋਕੇ' ਦੀ ਗੱਲ ਕਰਨ ਲੱਗਾ।

"ਦੇਖੋ ਜੀ...ਐਤਕੀਂ ਬਰਸਾਤ ਹੀ ਨਹੀਂ ਪਈ...। ਫਸਲਾਂ ਦਾ ਕੀ ਹੋਊ? ਸੋਕੇ ਨੇ ਤਾਂ ਤ੍ਰਾਹੀ ਮਚਾਈ ਪਈ ਐ।"

ਠੰਡਾ ਹਉਕਾ ਭਰਦਿਆਂ ਮੈਂ ਸਹਿਵਨ ਹੀ ਆਖ ਗਿਆ, "ਹਾਅ ਜੀ ਕਿਹੜੇ-ਕਿਹੜੇ ਸੋਕੇ ਦੀ ਗੱਲ ਕਰੀਏ? ਆਉਣ ਵਾਲੀ ਫਸਲ ਤੇ ਨਸਲ ਦੀਆਂ ਤਾਂ ਜੜ੍ਹਾਂ ਹੀ ਖੋਖਲੀਆਂ ਕਰ ਦਿੱਤੀਆਂ ਨੇ ਇਸ ਸੋਕੇ ਨੇ।" ਗੱਡੀਓਂ ਉੱਤਰ ਮੈਂ ਘਰ ਚਲਾ ਗਿਆ। ਕੁਝ ਦਿਨ ਤਾਂ ਮੈਂ ਬਹੁਤ ਬੇਚੈਨ ਰਿਹਾ। ਫੇਰ ਮੇਰੀ ਬਦਲੀ ਹੋ ਗਈ। ਉਸ ਤੋਂ ਕੁਝ ਸਾਲ ਬਾਅਦ ਤੇਰੇ ਨਾਲ ਵਿਆਹ ਦੀ ਗੱਲ ਚੱਲ ਪਈ। ਵਿਆਹ ਤੋਂ ਬਾਅਦ ਪਹਿਲੀ ਵਾਰ ਏਸ ਪਲੇਟਫਾਰਮ ਤੇ ਆਇਆ ਤਾਂ ਉਸ ਖਾਲੀ ਥਾਂ ਨੂੰ ਦੇਖ ਕੇ ਮੈਨੂੰ ਕਰਮੂ ਦੀ ਕਹਾਣੀ ਯਾਦ ਆ ਗਈ।

# ਵਧਾਈਆਂ- ਵਧਾਈਆਂ

ਸ. ਜਗਦੇਵ ਸਿੰਘ ਅਤੇ ਸਰਦਾਰਨੀ ਚਰਨਜੀਤ ਕੌਰ ਜੀ ਨੇ ਆਪਣੀ ਸਪੁੱਤਰੀ ਦੇ ਸ਼ੁੱਭ ਵਿਆਹ ਦੇ ਮੌਕੇ ਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਚੰਡੀਗੜ੍ਹ ਨੂੰ 30710/- ਤੀਹ ਹਜ਼ਾਰ ਸੱਤ ਸੌ ਦੱਸ ਰੁਪਏ ਦਾਨ ਵਜੋਂ ਦਿੱਤੇ ਅਤੇ ਇਸ ਤੋਂ ਇਲਾਵਾ ਭਵਨ ਵਿਖੇ ਰਹਿ ਕੇ ਭਵਨ ਦੀ ਸ਼ੋਭਾ ਵਧਾਈ। ਪਰਿਵਾਰ ਦਾ ਮੈਨੇਜਮੈਂਟ ਵਲੋਂ ਧੰਨਵਾਦ ਕੀਤਾ ਜਾਂਦਾ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੈਨੇਜਮੈਂਟ ਨਵੇਂ ਵਿਆਹੇ ਜੋੜੇ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈਆਂ ਦਿੰਦੀ ਹੈ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹੈ ਕਿ ਨਵੀਂ ਵਿਆਹੀ ਜੋੜੀ ਅਤੇ ਪਰਿਵਾਰ ਨੂੰ ਚੜ੍ਹਦੀ ਕਲਾ ਬਖਸ਼ੇ।

(ਗੁਰਚਰਨ ਸਿੰਘ)

ਪ੍ਰਧਾਨ

# ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030

ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ


ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ



# ਕਾਵਿ-ਕਿਆਰੀ



## 'ਨਵੀਂ ਪਨੀਰੀ : ਨਬਾਲਗ ਪੀੜ੍ਹੀ'



ਹੁਣ ਹੋਰ ਘੌਲ ਨਾ ਕਰੀਏ, ਚਿੰਤਿਤ ਹੋ ਕੇ ਚਿੰਤਾ ਕਰੀਏ।
ਹਰ ਦਰੋ-ਦੀਵਾਰ ਤੇ ਲਿਖੀ ਹੋਈ, ਇਬਾਰਤ ਪੜ੍ਹੀਏ।
ਪਰਿਵਾਰ ਸਮਾਜ ਦੇਸ਼ ਦੇ, ਉਜਵਲ ਭਵਿੱਖ 'ਚ ਫੈਲੀ,
ਦੂਸ਼ਿਤ ਤੇ ਪ੍ਰਦੂਸ਼ਿਤ ਹੋ ਰਹੀ, ਸਾਫ਼ ਸੁਥਰੀ ਜੀਵਨ ਸ਼ੈਲੀ,
ਅਣਗਹਿਲੀ ਕਰਕੇ, ਹੋਰ ਵੀ ਹੋ ਰਹੀ ਕੌੜੀ ਕੁਸੈਲੀ।
ਮਾੜੇ ਅਨਾਸਰ ਤੋਂ ਮੁਤਾਸਰ, ਪੈਰੀਂ ਬੇੜੀ ਨਪੀੜੀ ਦੀ,
ਗੱਲ ਕਰੀਏ ਨਵੀਂ ਪਨੀਰੀ ਦੀ, ਕੱਚੀ ਉਮਰ ਨਬਾਲਗ ਪੀੜ੍ਹੀ ਦੀ।
ਜਿਸ ਨੂੰ ਹਾਲੇ ਕੋਈ ਸੋਝੀ ਨਹੀਂ, ਭੀੜੀ ਉਸਾਰੂ ਸੀੜ੍ਹੀ ਦੀ।

ਕੁਝ ਇਕ ਨੂੰ ਛੱਡ ਕੇ, ਬਹੁਤੇ ਸਾਊ ਸਰੋਤਿਆਂ ਦੀ,
ਬੇਮਤਲਬ ਬੇਤਾਬ ਖੜੇ, ਭੀੜਾਂ ਵਿਚ ਖਲੋਤਿਆਂ ਦੀ।
ਬਿਨਾਂ ਕਿਸੇ ਵਿਸ਼ੇਸ਼ ਉਚੇਚ, ਛੋਟੇ ਵੱਡੇ ਹਾਣੀਆਂ ਸੰਗ।
ਮਨ ਹੀ ਮਨ ਚਲਦੀ ਰਹਿੰਦੀ ਹੈ, ਨਵੀਂ ਪੁਰਾਣੀ ਠੰਢੀ ਜੰਗ।
ਇਸ ਦੇ ਨਿੱਤ ਦਿਨ ਵਿਗੜ ਰਹੇ, ਹੋ ਰਹੇ ਰੋਜ਼ ਨਿੱਘਾਰ ਲਈ,
ਵਿਵਹਾਰ ਕਿਰਦਾਰ ਆਚਾਰ ਲਈ, ਤੇ ਡਿੱਗ ਰਹੇ ਮਿਆਰ ਲਈ।
ਕੇਵਲ ਤੇ ਕੇਵਲ ਇਹ ਅਣਭੋਲ, ਪੀੜ੍ਹੀ ਹੀ ਜ਼ਿੰਮੇਵਾਰ ਨਹੀਂ।
ਇਸ ਗੁਨਾਹਗਾਰ ਕਤਾਰ 'ਚ, ਖੜ੍ਹੇ ਹੋਰ ਵੀ ਸੂਤਰਧਾਰ ਨੇ ਕਈ।

ਇਸ ਸਿਲਸਿਲੇ ਵਾਰ ਕ੍ਰਮ ਵਿਚ, ਪਹਿਲਾਂ ਵਾਰੀ ਆਉਂਦੀ ਹੈ,
ਬੇਫ਼ਿਕਰੇ ਬੇਗੌਰੇ ਹੋਏ, ਮਾਪਿਆਂ ਬਣੇ ਕੁਮਾਪਿਆਂ ਦੀ।
ਹੁਸ਼ਿਆਰਾਂ ਕਿਰਦਾਰਾਂ ਤੋਂ ਜੋ, ਹੋ ਜਾਂਦੇ ਸਹਿਜੇ ਗੁੰਮਰਾਹ।
ਬੱਚਿਆਂ ਅਜੇ ਅਕਲ ਦੇ ਕੱਚਿਆਂ ਨੂੰ, ਲੈਂਦੇ ਨੇ ਫਿਰ ਹੱਥੋਂ ਗੁਆ।
ਅੱਜ ਹੋਂਦ ਹੈਸੀਅਤ ਤੇ ਅਹਿਮੀਅਤ ਘਟ ਰਹੀ ਹੈ,
ਸਿੱਖਿਆ ਸੰਸਥਾਨਾਂ ਵਿਚ, ਆਲਮ ਫਾਜ਼ਲ ਉਸਤਾਦਾਂ ਦੀ।
ਦਿਨੋਂ-ਦਿਨ ਗੁੱਡੀ ਚੜ੍ਹ ਰਹੀ ਹੈ, ਕੰਮਚੋਰਾਂ ਨਾਮੁਰਾਦਾਂ ਦੀ।
ਐਰੇ ਗੈਰੇ ਨੱਥੂ ਖੈਰੇ ਦੇ, ਬਣੇ ਤਣੇ ਮੁਥਾਜਾਂ ਦੀ।

ਧਰਮੀ-ਕਰਮੀ ਅਖਵਾਉਂਦੇ, ਰਹਿਬਰ ਵੀ ਕੋਈ ਘੱਟ ਨਹੀਂ ਕਰਦੇ,
ਮਾਸੂਮਾਂ ਬੇਮਾਲੂਮਾਂ ਦੇ ਦਿਲੋ ਦਿਮਾਗ 'ਚ, ਮਜ਼ਬੀ ਤੁਅੱਸਬੀ ਨਫ਼ਰਤ ਭਰਦੇ।
ਜੋੜਨ ਦੀ ਥਾਂ ਤੋੜਨ ਲਈ, ਰੁਜ਼ਗਾਰ ਮੁਹੱਈਆ ਕਰਨ ਦੇ ਇਸ਼ਾਰੇ ਕਰਦੇ।
ਏਹੋ ਜਹੇ ਵਿਗੜਿਆਂ ਤਿਗੜਿਆਂ ਨੂੰ, ਫਿਰ ਦੋਏ ਦੋਏ ਹੱਥੀਂ ਛਾਵਾਂ ਕਰਦੇ।

ਅੰਤਿਮ ਸਰਵੋਤਮ ਜ਼ਿੰਮੇਵਾਰੀ ਹੈ, ਸ਼ਾਸਨ ਤੇ ਪਰਸ਼ਾਸਨ ਦੀ।
ਰਿਸ਼ਤਖੋਰੀ ਸੀਨਾ ਜ਼ੋਰੀ ਤੋਂ, ਮੁਕਤ ਹੋਏ ਅਨੁਸਾਸ਼ਨ ਦੀ।
ਸੌ ਸੱਚਾਂ ਦਾ ਇੱਕੋ ਸੱਚ ਹੈ, ਇਹ ਸ਼ੋਸ਼ਿਤ ਵਰਤਾਰਾ ਰੁੱਕ ਨਹੀਂ ਸਕਣਾ।
ਨਵੀਂ ਪਨੀਰੀ ਨਬਾਲਗ ਪੀੜ੍ਹੀ, ਦੀ ਦੁਬਿਧਾ ਹੁਣ ਮੁੱਕ ਨਹੀਂ ਸਕਣਾ।

ਜਦੋਂ ਤੱਕ ਇਹ ਸੱਭ ਦੇ ਸੱਭ ਅਲੰਬਰਦਾਰ, ਆਪਣਾ ਧਰਮ ਨਿਭਾਉਂਦੇ ਨਹੀਂ,
ਇਸ ਬਚਪਨੀ ਪੀੜ੍ਹੀ ਨੂੰ, ਅਪਨਾਉਂਦੇ ਨਹੀਂ ਗਲ ਲਾਉਂਦੇ ਨਹੀਂ,
ਉਦੋਂ ਤੱਕ ਇਸ ਨਿੱਕੇ ਪੂਰ ਦਾ, ਏਹੋ ਬਣਿਆ ਹਾਲ ਰਹੇਗਾ,
ਭਵਿੱਖ ਮੁਖੀ ਇਸ ਆਸਾ ਵਿਕਾਸ ਦਾ, ਹੁੰਦਾ ਸਦਾ ਸਵਾਲ ਰਹੇਗਾ।


**ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ**
**98153-03206**


*****

## ਭਾਰਤ ਦੇਸ਼ ਦਾ ਨਵਾਂ ਸਾਲ

ਮੋਢੇ ਤੇ ਗੈਂਤੀ
ਇਕ ਨੰਨ੍ਹਾ ਮਜ਼ਦੂਰ
ਨੰਗੇ ਪੈਰ, ਅੱਧ ਨੰਗਾ ਤਨ
ਕੜਕਦੀ ਠੰਢ
ਸੜਕ ਦੇ ਕੰਢੇ
ਆਪਣੀ ਮਜ਼ਦੂਰ ਮਾਂ ਦੇ ਪਿੱਛੇ-ਪਿੱਛੇ ਚੱਲ ਰਿਹਾ ਹੈ
ਭਵਿੱਖ ਤੋਂ ਬੇਖ਼ਬਰ
ਸੂਰਜ ਡੁੱਬਣ ਵੱਲ
ਖ਼ੂਬ ਸੱਜੇ ਨੇ ਬਾਜ਼ਾਰ
ਮਿਠਾਈਆਂ ਦੀ ਖ਼ੁਸ਼ਬੂ
ਲਲਚਾਉਂਦੀ ਜੀਭ
ਕੁੱਝ ਮਿੱਟੀ ਦੇ ਜੀਵੇ
ਰੰਗ ਬਿਰੰਗੀਆਂ ਮੋਮਬੱਤੀਆਂ
ਕੀ ਪਤਾ
ਕਿਸ ਘਰ ਵਿਚ ਦੇਣਗੀਆਂ ਰੌਸ਼ਨੀ
ਮਜ਼ਦੂਰ ਮਾਂ ਨੇ ਰੋਜ਼ ਦੀ ਤਰ੍ਹਾਂ
ਗਲੇ ਸੜੇ ਫਲ ਖਰੀਦੇ
ਕੁਝ ਆਟਾ, ਕੁਝ ਦਾਲ
ਮਛਲੀਆਂ ਦੇ ਸੁੱਟੇ ਹੋਏ ਸਿਰ ਚੁੱਕੇ
ਥਕਾਨ ਨਾਲ ਚੂਰ-ਚੂਰ
ਚਲ ਪਈ ਝੌਂਪੜੀ ਦੇ ਵੱਲ
ਇੱਟਾਂ ਦੇ ਚੁੱਲ੍ਹੇ ਤੇ

ਰੋਟੀਆਂ ਸੇਕੀਆਂ
ਥੱਕੇ ਟੁੱਟੇ ਸਰੀਰ ਨਾਲ,
ਢੇਰੀ ਹੋ ਗਈ ਪਿੱਲੀ ਕੰਧ ਵਾਂਗ
ਜ਼ਮੀਨ ਦੀ ਚਾਰਪਾਈ
ਲੱਗ ਕੇ ਸੋ ਗਏ ਬੱਚੇ ਉਸ ਦੇ ਨਾਲ
ਉੱਚੇ ਮਹਿਲਾਂ 'ਚ ਪਟਾਖੇ ਚੱਲੇ
ਰਾਤ ਦੇ ਬਾਰ੍ਹਾਂ ਵਜੇ
ਰੌਸ਼ਨੀਆਂ ਨਾਲ ਭਰਿਆ ਆਸਮਾਨ
ਨੰਨ੍ਹੇ ਮਜ਼ਦੂਰ ਨੇ ਉਠ ਕੇ ਪੁੱਛਿਆ
ਮਾਂ, "ਇਹ ਕੀ ਹੋ ਰਿਹਾ ਏ?"
ਮਾਂ ਨੇ ਕਿਹਾ, ਚੁੱਪ ਕਰ, ਸੌਅ ਜਾ
ਸਵੇਰੇ ਜਲਦੀ ਜਾਣਾ ਹੈ
ਮਜ਼ਦੂਰੀ ਲਈ
ਕੁਝ ਨਹੀਂ ਹੈ
ਆਉਂਤਰਾ ਨਵਾਂ ਸਾਲ ਏ।

**ਬਲਵਿੰਦਰ ਬਾਲਮ**
**ਉਂਕਾਰ ਨਗਰ, ਗੁਰਦਾਸਪੁਰ**
**ਫ਼ੋਨ ਨੰ. 98156-25409**

*****

## "ਨੰਬਰ ਇਕ 'ਤੇ ਮੈਂ... ਪੰਜਾਬ ਬੋਲਦਾ ਹਾਂ"

ਮੈਂ ਪੰਜਾਬ ਬੋਲਦਾ ਹਾਂ,
ਭਾਰਤ ਦੇ ਹਰ ਸੂਬੇ 'ਚ ਮੋਹਰੀ,
ਨੰਬਰ ਇਕ 'ਤੇ ਦੌੜਦਾ ਹਾਂ...।
ਮੈਂ ਪੰਜਾਬ ਬੋਲਦਾ ਹਾਂ...।
ਕੀਹਨੂੰ ਆਪਣਾ ਦਰਦ ਸੁਣਾਵਾਂ,
ਪੁੱਤ ਨਸ਼ੇੜੀ ਹੋ ਗਏ ਮੇਰੇ,
ਧੀਆਂ ਵਾਜਾਂ ਮਾਰ ਰਹੀਆਂ ਨੇ,
ਕੀਹਦੇ ਅੱਗੇ ਵਾਸਤੇ ਪਾਵਾਂ,
ਮਾਂ-ਪਿਓ ਰੁਲਦੇ ਬਿਰਧ ਘਰਾਂ ਵਿਚ,
ਹਉਕੇ ਸੁਣ ਬਜ਼ੁਰਗਾਂ ਦੇ...
ਮੈਂ ਡੋਲਦਾ ਹਾਂ।
ਮੈਂ ਪੰਜਾਬ ਬੋਲਦਾ ਹਾਂ...।
ਕੈਂਸਰ ਰੋਗੀ ਘਰ-ਘਰ ਹੋ ਗਏ,
ਤਿਲ-ਤਿਲ ਕਰਕੇ ਮਰੇ ਜਵਾਨੀ,
ਅੰਨਦਾਤਾ ਦੇਸ਼ਾਂ ਨੂੰ ਪਾਲੇ,
ਨਕਲੀ ਖਾਦਾਂ 'ਚ ਰੁਲੀ ਕਿਸਾਨੀ,
ਕਰਜ਼ਿਆਂ 'ਚ ਗਰਕ ਹੋ ਗਏ,
ਕਿਰਤੀਆਂ ਦੀ ਮੌਤ 'ਤੇ...
ਮੈਂ ਹੌਲਦਾ ਹਾਂ।
ਮੈਂ ਪੰਜਾਬ ਬੋਲਦਾ ਹਾਂ...।
ਯਥਾ ਰਾਜਾ ਤਥਾ ਪ੍ਰਜਾ' ਹੈ ਕਹਿੰਦੇ,
ਜਨਮ-ਮਰਨ ਤਸਦੀਕ ਕਰਨ ਲਈ,
ਹੱਥ ਹੌਲੇ ਨੇ ਕਰਨੇ ਪੈਂਦੇ,
ਨੇਤਾ ਅੱਜ ਧਨਵਾਨ ਹੋ ਗਏ,
ਗੁੰਡੇ ਖ਼ੂਬ ਬਲਵਾਨ ਹੋ ਰਹੇ,
ਨਸ਼ਿਆਂ ਵਿਚ ਵੀ ਮੈਂ ਹੀ ਮੋਹਰੀ,
ਅੰਕੜੇ ਅਖ਼ਬਾਰਾਂ 'ਚ ਪੜ੍ਹ ਅੰਦਰੋਂ-ਅੰਦਰ...
ਮੈਂ ਖੌਲਦਾ ਹਾਂ।
ਮੈਂ ਪੰਜਾਬ ਬੋਲਦਾ ਹਾਂ...।
ਬਲਾਤਕਾਰ, ਚੋਰੀ ਆਮ ਹੋ ਗਈ,
ਭ੍ਰਿਸ਼ਟਾਚਾਰੀ ਖ਼ੂਬ ਜਵਾਨ ਹੋ ਰਹੀ,
ਬੁਢਾਪਾ ਪੈਨਸ਼ਨ ਲਈ ਰੁਲਦੇ ਰਹਿੰਦੇ,
ਮਹਿਜ਼ 250 ਲਈ ਉਹ ਜਿੱਲਤ ਸਹਿੰਦੇ,
ਮੈਂ, ਮੇਰੇ ਬੱਚੇ...ਬੱਚਿਆਂ ਦੇ ਬੱਚੇ ਟੀਚਾ ਹੈ ਅੱਜ,
ਸ਼ਹੀਦ ਪਰਿਵਾਰਾਂ ਪ੍ਰਤੀ ਜ਼ਿੰਮੇਵਾਰੀ ਕਿਸ ਦੀ...
ਮੈਂ ਇਹੋ ਸੋਚਦਾ ਹਾਂ।
ਮੈਂ ਪੰਜਾਬ ਬੋਲਦਾ ਹਾਂ...।

**ਸਤਿੰਦਰਪਾਲ ਕੌਰ ਵਾਲੀਆ,**
**ਪਟਿਆਲਾ**

*****

## ਮੌਸਮ

ਬੂਟਿਆਂ ਦਾ ਉਡ ਗਿਆ ਰੰਗ ਬਿੱਲੋ ਰਾਣੀਏ
ਖੇਤਾਂ ਵਿਚ ਭੁੱਜਦੀ ਏ ਭੰਗ ਬਿੱਲੋ ਰਾਣੀਏ
ਉਜੜ ਨ ਜਾਵੇ ਕਿਤੇ ਝੰਗ ਬਿੱਲੋ ਰਾਣੀਏ
ਗਰਮੀ ਤਾਂ ਹੁੰਦੀ ਦਿਨ ਚਾਰ ਮੇਰੇ ਸੋਹਣਿਆਂ
ਰੁੱਤਾਂ ਦੀ ਹੈ ਰੰਗਲੀ ਬਹਾਰ ਮੇਰੇ ਸੋਹਣਿਆਂ
ਆਉਂਦੀ ਹੋਣੀ ਰੁੱਤ ਮਲਿਹਾਰ ਮੇਰੇ ਸੋਹਣਿਆਂ
ਬਾਜਰੇ ਦਾ ਸੜ ਗਿਆ ਖੇਤ ਮੇਰੀ ਸੋਹਣੀਏ
ਥਲਾਂ ਵਿਚ ਤਪਦੀ ਏ ਰੇਤ ਮੇਰੀ ਸੋਹਣੀਏ
ਸੱਸੀ ਦਾ ਨਾ ਲੱਗਦਾ ਕੋਈ ਭੇਤ ਮੇਰੀ ਸੋਹਣੀਏ
ਸੂਰਜਾਂ ਦਾ ਚੰਦਰਾ ਸੁਭਾਅ ਮੇਰੇ ਸੋਹਣਿਆਂ
ਹੱਸਦਾ ਏ ਸਾਨੂੰ ਤੜਫਾ ਮੇਰੇ ਸੋਹਣਿਆਂ
ਜਾਇਆ ਨ ਤੂੰ ਕਰ ਘਬਰਾ ਮੇਰੇ ਸੋਹਣਿਆਂ
ਗਰਮੀ ਦਾ ਚੜ੍ਹ ਗਿਆ ਪਾਰਾ ਬਿੱਲੋ ਰਾਣੀਏ
ਪਿਆਸਿਆਂ ਦਾ ਕੌਣ ਹੈ ਸਹਾਰਾ ਬਿੱਲੋ ਰਾਣੀਏ
ਲਾਈ ਜਾਂਦਾ ਲਾਲਾ ਅਜੇ ਲਾਰਾ ਬਿੱਲੋ ਰਾਣੀਏ
ਚੜ੍ਹ ਕੇ ਚੁਬਾਰੇ ਜਿਹੜੇ ਸੁੱਤੇ ਮੇਰੇ ਸੋਹਣਿਆਂ
ਚੋਰਾਂ ਨਾਲ ਰਲੇ ਹੋਏ ਕੁੱਤੇ ਮੇਰੇ ਸੋਹਣਿਆਂ
ਬਾਣੀਏ ਦੇ ਆਉਣੇ ਦਿਨ ਪੁੱਠੇ ਮੇਰੇ ਸੋਹਣਿਆਂ
ਝੂਠੀਆਂ ਤਸੱਲੀਆਂ ਨੇ, ਕਰ ਦਿੱਤਾ ਨਾਸ ਨੀ
ਤੀਰ ਮੇਰੇ ਤੋੜੇ ਮੈਨੂੰ ਕੀਤਾ ਹੈ ਉਦਾਸ ਨੀ
ਬਿਨ੍ਹਾਂ ਹਥਿਆਰਾਂ ਗੱਲ ਹੋਣੀ ਨਹੀਓਂ ਰਾਸ ਨੀ

**ਸੰਤ ਸੰਧੂ**
**ਪੰਜਾਬੀ ਸੱਥ**

## ਸਿਹਤ ਸੰਭਾਲ

# ਦੁੱਧ ਅਤੇ ਦਹੀਂ ਬੱਚਿਆਂ ਲਈ ਨਿਆਮਤ ਹੈ

**ਦਲਜੀਤ ਸਿੰਘ (ਡਾ.)**

ਬੱਚਿਆਂ ਨੂੰ ਸਿਹਤਮੰਦ ਅਤੇ ਤੰਦਰੁਸਤ ਰਹਿਣ ਲਈ ਦੁੱਧ ਅਤੇ ਦਹੀਂ ਦੀ ਕਿੰਨੀ ਵੱਡੀ ਦੇਣ ਹੈ। ਇਹ ਅਹਿਸਾਸ ਮੈਨੂੰ ਹੁਣ ਹੋਇਆ ਹੈ ਜਦੋਂ ਮੈਂ ਬਚਪਨ ਦੀਆਂ ਖਰਮਸਤੀਆਂ ਅਤੇ ਜਵਾਨੀ ਦੀ ਦਹਿਲੀਜ਼ ਤੋਂ ਪਾਰ ਹੋ ਕੇ ਬਜ਼ੁਰਗੀ ਦੇ ਦਰ 'ਤੇ ਖੜ੍ਹਾ ਹੋ ਗਿਆ ਹਾਂ।

ਇਸ ਸਮੇਂ ਮੈਨੂੰ ਆਪਣੀ ਮੋਈ ਮਾਂ ਦੀ ਬਹੁਤ ਯਾਦ ਆਉਂਦੀ ਹੈ ਜੋ ਮੈਨੂੰ ਸਵੇਰੇ ਸਕੂਲ ਜਾਣ ਤੋਂ ਪਹਿਲਾਂ ਨਾਸ਼ਤੇ ਵਿਚ ਦਹੀਂ ਦੀ ਭਰੀ ਕਟੋਰੀ ਦੇਂਦੀ ਹੁੰਦੀ ਸੀ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਦੁੱਧ ਦਾ ਨੱਕੋ-ਨੱਕ ਭਰਿਆ ਗਿਲਾਸ ਗੱਟਾ-ਗੱਟ ਪੀਣ ਲਈ ਕਹਿੰਦੀ ਹੁੰਦੀ ਸੀ। ਮਾਂ ਵੱਲੋਂ ਦਿੱਤੀ ਦੁੱਧ-ਦਹੀਂ ਦੀ ਗੁੜਤੀ ਨੇ ਮੈਨੂੰ ਵਧਦੀ ਉਮਰ ਵਿਚ ਕਦੇ ਵੀ ਸਰੀਰਕ ਤੌਰ 'ਤੇ ਕਮਜ਼ੋਰ ਹੋਣ ਦਾ ਭੁਲੇਖਾ ਵੀ ਨਹੀਂ ਪੈਣ ਦਿੱਤਾ।

ਇਸ ਵਿਚ ਕੋਈ ਦੂਸਰੀ ਰਾਇ ਨਹੀਂ ਹੈ ਕਿ ਬੱਚਿਆਂ ਵਿਚ ਹੱਡੀਆਂ ਦੀ ਮਜ਼ਬੂਤੀ ਅਤੇ ਵਿਕਸਤ ਹੋਣ ਲਈ ਕੈਲਸ਼ੀਅਮ ਅਤੇ ਪ੍ਰੋਟੀਨ ਦੀ ਬਹੁਤ ਜ਼ਰੂਰਤ ਹੁੰਦੀ ਹੈ ਜਿਸ ਦਾ ਕੁਦਰਤੀ ਸੋਮਾ ਦੁੱਧ ਹੈ। ਦੁੱਧ ਵਿਚ ਕੈਲਸ਼ੀਅਮ ਅਤੇ ਪ੍ਰੋਟੀਨ ਤੋਂ ਇਲਾਵਾ ਅਮੀਨੋ ਐਸਿਡ ਅਤੇ ਫੈਟੀ ਐਸਿਡ ਵੀ ਵੱਡੀ ਮਾਤਰਾ 'ਚ ਹੁੰਦੇ ਹਨ।

ਭੋਜਨ ਮਾਹਿਰਾਂ ਦੀ ਰਾਇ ਹੈ ਕਿ ਛੋਟੇ ਬੱਚਿਆਂ ਨੂੰ ਰੋਜ਼ਾਨਾ 300 ਮਿਲੀਗ੍ਰਾਮ ਕੈਲਸ਼ੀਅਮ, 6 ਮਹੀਨੇ ਦੀ ਉਮਰ ਤੋਂ ਬਾਅਦ 500 ਮਿਲੀਗ੍ਰਾਮ ਕੈਲਸ਼ੀਅਮ ਅਤੇ 13 ਸਾਲ ਦੀ ਉਮਰ ਤੱਕ 900 ਮਿਲੀਗ੍ਰਾਮ ਕੈਲਸ਼ੀਅਮ ਦੀ ਜ਼ਰੂਰਤ ਹੁੰਦੀ ਹੈ। ਇਸ ਤੋਂ ਬਾਅਦ ਜਵਾਨੀ ਦੀ ਉਮਰ ਵਿਚ ਰੋਜ਼ਾਨਾ 1000 ਮਿਲੀਗ੍ਰਾਮ ਤੋਂ ਲੈ ਕੇ 1200 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਪੈਂਦੀ ਹੈ।

ਸਿਆਣਿਆਂ ਅਨੁਸਾਰ 250 ਗ੍ਰਾਮ ਦੁੱਧ ਜਾਂ ਦਹੀਂ ਨਾਲ 300 ਮਿਲੀਗ੍ਰਾਮ ਕੈਲਸ਼ੀਅਮ ਅਸਾਨੀ ਨਾਲ ਮਿਲ ਜਾਂਦਾ ਹੈ।

ਦੁੱਧ ਅਤੇ ਦਹੀਂ ਨਾਲ ਜਿਥੇ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵੱਧਣ-ਫੁੱਲਣ ਦਾ ਰਾਹ ਖੁੱਲ੍ਹਦਾ ਹੈ ਉਥੇ ਦੁੱਧ ਵਿਚ ਪਾਏ ਜਾਣ ਵਾਲੇ ਕੁਝ ਤੱਤ ਸਰੀਰ ਨੂੰ ਬਿਮਾਰੀਆਂ ਨਾਲ ਲੜਨ ਲਈ ਸਮਰੱਥ ਬਣਾਉਂਦੇ ਹਨ। ਦੁੱਧ ਵਿਚ ਮੌਜੂਦ ਲੈਕਟੋਬੈਸੀਲਸ ਨਾਮ ਦਾ ਬੈਕਟੀਰੀਆ ਕਈ ਸਰੀਰਕ ਬਿਮਾਰੀਆਂ ਤੋਂ ਨਿਜ਼ਾਤ ਦਿਵਾਉਂਦਾ ਹੈ।





ਸਾਡੇ ਸਰੀਰ ਵਿਚ ਬਿਮਾਰੀਆਂ ਨਾਲ ਲੜਨ ਵਾਲੇ ਖ਼ੂਨ ਦੇ ਸਫੈਦ ਕਣ ਦੁੱਧ ਅਤੇ ਦਹੀਂ ਨਾਲ ਹੋਰ ਮਜਬੂਤ ਹੁੰਦੇ ਹਨ। ਇਥੇ ਇਹ ਵਿਸ਼ੇਸ਼ ਕਥਨ ਹੈ ਕਿ ਪੇਟ ਦੀਆਂ ਬਿਮਾਰੀਆਂ ਗੈਸ, ਕਬਜ਼, ਅਲਸਰ ਅਤੇ ਬਦਹਜ਼ਮੀ ਤੋਂ ਬਚਣ ਲਈ ਦਹੀਂ ਤਾਂ ਇਕ ਨਿਆਮਤ ਹੈ। ਦੁੱਧ ਦਹੀਂ ਵਿਚ ਪਾਏ ਜਾਂਦੇ ਫਾਸਫੋਰਸ ਅਤੇ ਮੈਗਨੀਸੀਅਮ ਤੱਤਾਂ ਨਾਲ ਹੱਡੀਆਂ ਦੇ ਨਾਲ-ਨਾਲ ਦੰਦਾਂ ਦੀ ਮਜਬੂਤੀ ਅਤੇ ਚਮਕ ਵੀ ਬਣਦੀ ਹੈ। ਦੁੱਧ ਪੀਣ ਵਾਲੇ ਬੱਚਿਆਂ ਵਿਚ ਦੇ ਮੁਕਾਬਲੇ ਚਾਹ ਅਤੇ ਕੌਫੀ ਦੇ ਸ਼ੌਂਕੀਨ ਬੱਚੇ ਦੁੱਬਲੇ-ਪਤਲੇ, ਪੇਟ ਦੀਆਂ ਬੀਮਾਰੀਆਂ ਤੋਂ ਪੀੜ੍ਹਤ ਅਤੇ ਚਿੜਚਿੜੇ ਸੁਭਾਅ ਦੇ ਹੁੰਦੇ ਹਨ, ਜਦੋਂ ਕਿ ਦੁੱਧ/ਦਹੀਂ ਦਾ ਸੇਵਨ ਕਰਨ ਵਾਲੇ ਬੱਚੇ ਪੜ੍ਹਾਈ, ਖੇਡਾਂ ਅਤੇ ਸਰੀਰਕ ਬਣਤਰ ਵਿਚ ਬਿਹਤਰ ਹੁੰਦੇ ਹਨ।

ਜਿਥੇ ਬੱਚਿਆਂ ਨੂੰ ਸਰੀਰਕ ਸੁੰਦਰਤਾ, ਵਧਣ-ਫੁੱਲਣ, ਤੰਦਰੁਸਤੀ ਅਤੇ ਦਿਮਾਗ਼ੀ ਕਮਜ਼ੋਰੀ ਤੋਂ ਬਚਣ ਲਈ ਦੁੱਧ ਅਤੇ ਦਹੀਂ ਦੇ ਸੇਵਨ ਦੀ ਸਲਾਹ ਦਿੱਤੀ ਜਾਂਦੀ ਹੈ। ਉਥੇ ਇਹ ਵੀ ਜ਼ਰੂਰੀ ਹੈ ਕਿ ਰਾਤ ਦੀ ਰੋਟੀ ਨਾਲ ਦਹੀਂ ਦਾ ਸੇਵਨ ਨਾ ਕੀਤਾ ਜਾਵੇ।

ਬਜ਼ਾਰੋਂ ਮਿਲਣ ਵਾਲਾ ਦਹੀਂ ਆਮ ਤੌਰ 'ਤੇ ਵਧੀਆ ਅਤੇ ਪੋਸ਼ਟਿਕ ਤੱਤਾਂ ਤੋਂ ਖਾਲੀ ਹੁੰਦਾ ਹੈ ਅਤੇ ਕਈ ਵਾਰ ਬਜ਼ਾਰੂ ਦੁੱਧ, ਦਹੀਂ ਅਤੇ ਪਨੀਰ ਆਦਿ ਅਜਿਹੇ ਨਕਲੀ ਸਿੰਥੈਟਿਕ ਤਰੀਕੇ ਨਾਲ ਬਣਾਏ ਜਾਂਦੇ ਹਨ ਜਿਹੜੇ ਸਰੀਰ ਨੂੰ ਲਾਭ ਨਹੀਂ ਸਗੋਂ ਨੁਕਸਾਨ ਪਹੁੰਚਾ ਸਕਦੇ ਹਨ। ਜਿਥੋਂ ਤੱਕ ਹੋ ਸਕੇ ਘਰੇਲੂ ਮੱਝਾਂ-ਗਾਵਾਂ ਦਾ ਤਾਜ਼ਾ ਦੁੱਧ ਹੀ ਵਰਤਿਆ ਜਾਵੇ ਤਾਂ ਬਿਹਤਰ ਹੋਵੇਗਾ।

# Lakhi Shah

Lakhi Shah (Lakhiya) was a famous and reputed Government of Village Raisaina in Delhi had deep and firm faith in Sikh Gurus. He originally belonged to village Kheerpur, tehsil Alipur, Distt-Mujafargarh. He was born in 1616 A.D. and was married to Paran Devi. His father's name was Bhai Godhu. Grand Father's Bhai Thakur. He belonged to Sandlas clan of Lobana tribe. He had eight sons named Bhais Naghaiya,Hema,Harhi (Hadi), Situ, Pundasa, Bakhshi, Bala, Jawaharand daughter Sitabhai.His sons were rich and famous contractors like their father. His daughter was married with the great Martyr Bhai Mani Singh vide Dohas of Bhai Kesho. Bhai Mani Singh was younger brother of Bhai Dayala. Earlier when Guru Tegh Bahadur on his way to the East reached Delhi, he was received by the Sikhs of Delhi, the leading among whom were Lakhi Shah, his eight sons and his wife Paran Devi.

The Prolonged ordeal through which the Guru and his noted Sikhs were passing at last came to an end with their executions on 11 November 1675 at a place where now stands Gurdwara Sis Ganj (Chandni Chownk Delhi). The manner of their execution was in keeping with the manner they were subjected to tortures as prisoners. Bhai Mati Das was Sawn alive, Bhai Dayala was boiled to death and Bhai Sati Das was burnt alive to death wrapped all over with cotton. The Guru's turn was the last. The brutal tragedies had been enacted in Guru's sight, but nothing not even the barbaric execution of his dearest ones, could unnerve him, or shake his resolve. He offered himself to the executioner's sword in a spirit of complete resignation to the will of God. In a split second the whole drama was over. The holy head was severed from the body and lay on the ground soaked in a pool of blood.

The crowd of weaping and wailing watches came closer and closer to the body of Guru Tegh Bahadur to have a last glimpse at the master's peace shedding and lovely face, Nature itself seemed to wish to hide the horror of that sight, the sky which all the mourning had been clear suddenly grew dark. A thick cloud rose over the capital. As the morning crowd surged forward to have a closer glimpse of the Master, even though the guards tried to stop them, a man dashed out of the crowd and with a lightining flash disappeared back in to the crowd carrying with him the Head of the Guru. As the clouds darkened and the storm increased a large convoy of bullocks, carts,camels and horses belonging to Royal contractor Lakhi Shah was seen approaching.Lakhi Shah's son naghaiya was leading the convoy, shouting loudly to the crowd." Make way for the convoy of the Royal contractor. The convoy conducted by Lakhi Shah and all his sons tore through the crowd and went at full speed raising dust, thickened by the approaching storm. When the convoy had gone and the storm subsided the body of the Guru was not there. The body of Guru was carried by Lakhi Shah and his eight sons to their residence in the Raisana Village at present just opposite the Parliament House and known as Rakabganj.

Lakhi Shah put the body at the suitable place and piled all the wood, wooden articles,clothes,ghee available in the house,heaped up cotton on it and then set fire to the house to avoid detection. In the morning the entire staff at Kotwali was horrified at the disappearance of Guru's head and body. The police was immediately put on the alert, and a thorough search was made everywhere. Some horsemen rushed along the road to Panipat making enquiries from passers by. Another contigent of Policemen hurried to Raisana. They found Lakhi Shah's house reduced to ashes and inmates bewailing and crying , so they returned. Cremation of the body took place on 12th November 1675 AD. After the fire was extinguished they picked up the remains of the Guru and placing them in an Urn buried them on the very spot where Guru Ji was cremated. The head of Guru

was carried to Anadpur Sahib by Bhai Jaita and his other companions. Gobind Das performed the ceremonial cremation of the head on 17 November at a place where now stands Gurudwara Sis Ganj (Keshgarh Sahib).

The supreme sacrifice of such a great and revered man as Guru Tegh Bahadur could not but leave a profound impact on the mind of the people. The martyrdom of Guru Tegh Bahadur produced the militant brotherhood of Khalsa in the time of his immediate successor, Guru Gobind Singh. Bhai Lakhi Shah by ensuring the proper cremation of Guru Tegh Bahadur performed a valuable service to the cause of Sikhism. He displayed great bravery and presence of mind in carrying out the cremation in the face of certain persecution by the Mughal Army, even at the slightest suspicion about his involvement. Bhai Lakhi Shah has won the gratitude of Sikh community as a whole for all times to come and has brought glory to the Lobana Community by doing so.

At the time of laying the Foundation of Panth Khalsa by Guru Gobind Singh at Anandpur, the entire family of Lakhi Shah was present at the scene and all of them had baptised Amrit. They were the true followers of Guru Nanak. Lakhi Shah laid his life on 24 May in 1680 AD.His son naghaiya was killed while fighting against the Mughlas on 21st April, 1709 at Guru Ke Chak Amritsar. Lakhi Shah's another son Hema stayed back at Anandpur and remained with Guru's forces through out the period Guru Gobind Singh had battles with the Pahari Rajas and the Mughal rulres. He had laid his life at Anandpur during the battle with the Mughlas on 11 December, 1703.

Lakhi Shah and his family members especially his sons were the true devotee's of Guru Gobind Singh Ji. They participated in all the wars Guru Ji had fought. They had been paying regular visits at Anandpur Sahib during Guru Ji's stay there. Leaving Anadpur in 1703 Guru Ji crossed the Sirsa and reached Chamkaur and thereafter headed for the forests of Machiwars and wandered there for a considerable time. During this time, Lakhi Shah's family members had been keeping in touch with Guru Ji to know his well being. After Muktsar war Guru Ji reached at Talwandi Sabo and here he spent last years of his life. During his stay here Guru Ji added Guru Tegh Bahadur's Bani in the Adi Granthi and gave its present form and also wrote Zafarnama to Aurengzeb. Lakhi Shah's sons also paid a visit at the time and stayed there for some time.

As soon as Guru Ji reached in Godavari region, he made all arrangements of his stay there. Lakhi Shah's family aware of this situation and wanted to visit the place for Guru's Darshan and present offering.Lakhi Shah's family members decided to present offering of avaluable Nagina to Guru Ji. Lakhi Shah's two sons reached the area where Guru Ji was staying and made search for Guru ji. Seeing Guru Ji sitting on a huge stone on the bank of the river Godavri, one of Lakhi Shah's sons loosened his Wasni and took out the Nagina, advanced few steps forward and offered Nagina to Guru Ji. Guru Ji at once threw it in the river and asked Lakhi Shah's son to search for it. Lakhi Shah's son advanced close to river and started looking for the Nagina. As the water was clear, the bed of the river was easily visible. Lakhi Shah's son was surprised to find a big heap of Naginas in the river. He realized and immediately came to Guru Ji and fell on Guru Ji feet and prayed for forgiveness. This site was named Nagina Ghat Piligramage to Sach Khand Hazur Sahib is incomplete without a visit to Nagina Ghat and other Ghats i.e. Hira Ghat, Shikar Ghat and Banda Ghat. Lakhi Shah and his son's contributions towards Guru Ji will be ever remembered in the Sikh Jagat.

**Note: - The writer had attributed the above Sakhi to Lakhi Shah where as he had already expired in May, 1680. This Sakhi took place in 1707 AD on the bank of Godawri between Guru Gobind Singh and one of the son of Lakhi Shah.**

**References:- 1. Guru Tegh Bahadur prophet and master by Dr.Tarlochan Singh**

**2. Jiwan Katha of Sant Attar Singh Ji Maharaj PEI by Sant Teja Singh Ji.**

**(Gurcharan Singh Palia)**
**Regional President**

# Subh Anand Karaj



The marriage of Ramanpreet Kaur, great grand-daughter of S. Bahadur Captain Mehtab Singh and D/o Sardarni Satwinder Kaur and S. Dilbagh Singh of New Mehar Singh Colony, Patiala was solemnized with Mr. Anubhav S/o Smt. Neera and Sh. Dinesh Kumar Gupta resident of Sector-8, Chandigarh (Advocate of Punjab and Haryana High Court, Chandigarh) on dated-12-12-2015 at Patiala. Following dignitaries were present to bless the newly wedded couple:-

Mrs. Bakhshish Kaur (Judge Retd.) of Punjab & Haryana High Court Chandigarh, Comndr. Joginder Singh, Mohali, Col. J.S. Chaudhary, Er. M.L. Garg (Chief Engr. PSEB Retd.), Major Mehar Singh, Mohali, Major Narinder Singh Jallo Mohali, S. Naginder Singh (Joint Director Punjab Public Relations Chandigarh), S. Bhupinder Singh (Advocate Pb. & Haryana High Court Chandigarh).

Baba Makhan Shah Lobana Foundation (Regd.) Chandigarh has received a donation of Rs. 2100/- (Two thousand One hundred only) on occasion of marriage of Miss Ramanpreet Kaur. The Foundation is greatful to the family for donating the sum which shall be utilized for the generous cause of needy persons. Baba Makhan Shah Lobana Foundation conveys best wishes to the newly wed couples and prays for successful prosperous life of couple and both the families.

**(Gurcharan Singh)**
**President**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-12-2015 ਤੋਂ 31-12-2015

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ<br>ਮਕਾਨ ਨੰ.-390, ਸੈਕਟਰ-16, ਪੰਚਕੂਲਾ | 1000/- | ਐਚ-7703 | 02-12-2015 |
| 2. | ਬੀਬੀ ਪਰਮਿੰਦਰਜੀਤ ਕੌਰ ਸੁਪਤਨੀ<br>ਸਵ. ਪ੍ਰੋਫੈਸਰ ਗੁਰਦਿਆਲ ਸਿੰਘ<br>ਪਿੰਡ-ਮੁੰਡੀ ਰੋਡ, ਡਾ.-ਨੰਗਲ ਲੁਬਾਣਾ,<br>ਜ਼ਿਲ੍ਹਾ-ਕਪੂਰਥਲਾ<br>(ਸਵਰਗਵਾਸੀ ਪ੍ਰੋਫੈਸਰ ਗੁਰਦਿਆਲ ਸਿੰਘ ਦੀ<br>ਅੰਤਿਮ ਅਰਦਾਸ ਦੇ ਮੌਕੇ ਤੇ) | 3100/- | ਐਚ-7828 | 04-12-2015 |
| 3. | ਮਦਨ ਲਾਲ ਸਰਮਾ, ਚੌਂਕੀਦਾਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 5100/- | ਐਚ-7705-06 | 07-12-2015<br>08-12-2015 |
| 4. | ਸ੍ਰੀ ਸੈਨ ਦਾਸ ਸਪੁੱਤਰ ਸਤਪਾਲ<br>ਮੰਡੀ ਹਰੀ ਜੀ ਰਾਮ, ਮਲੋਟ | 500/- | ਐਚ-7707 | 11-12-2015 |
| 5. | ਗੁਪਤ ਦਾਨ | 500/- | ਐਚ-7708 | 16-12-2015 |
| 6. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-7709 | 16-12-2015 |
| 7. | ਸ. ਗੁਰਚਰਨ ਸਿੰਘ, ਸੈਕਟਰ-47-,ਚੰਡੀਗੜ੍ਹ | 100/- | ਐਚ-7710 | 16-12-2015 |
| 8. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ.-117, ਸੈਕਟਰ-35-ਏ, ਚੰਡੀਗੜ੍ਹ | 500/- | ਐਚ-7711 | 16-12-2015 |
| 9. | ਸ. ਐਨ. ਪੀ. ਸਿੰਘ<br>ਸੈਕਟਰ-48 ਸੀ, ਚੰਡੀਗੜ੍ਹ | 200/- | ਐਚ-7712 | 16-12-2015 |
| 10. | ਮੇਜਰ ਨਿਰੰਜਨ ਸਿੰਘ ਮੁਲਤਾਨੀ<br>ਮਕਾਨ ਨੰ.-1089, ਫੇਸ-10, ਮੋਹਾਲੀ | 200/- | ਐਚ-7713 | 16-12-2015 |
| 11. | ਸ. ਭਗਤ ਸਿੰਘ ਆਈ. ਏ. ਐਸ. (ਰਿਟਾ.)<br>ਮਕਾਨ ਨੰ.-795, ਫੇਸ-3 ਬੀ 1, ਮੋਹਾਲੀ | 500/- | ਐਚ-7714 | 16-12-2015 |


| | | | | |
|---|---|---|---|---|
| 12. | ਲੈਕਚਰਾਰ ਗੁਲਸਨ ਕੁਮਾਰ ਸਿੰਘ<br>ਮਕਾਨ ਨੰ. 3405, ਸੈਕਟਰ-40 ਡੀ, ਚੰਡੀਗੜ੍ਹ | 500/- | ਐਚ-7715 | 16-12-2015 |
| 13. | ਸ. ਗੁਰਚਰਨ ਸਿੰਘ ਪਾਲੀਆ<br>ਮਕਾਨ ਨੰ.-763, ਸੈਕਟਰ-40 ਏ ,ਚੰਡੀਗੜ੍ਹ | 200/- | ਐਚ -7716 | 16-12-2015 |
| 14. | ਸ. ਪ੍ਰੀਤਮ ਸਿੰਘ, ਭੋਪਾਲ | 100/- | ਐਚ -7717 | 16-12-2015 |
| 15. | ਸ. ਹਰਭਜਨ ਸਿੰਘ ਡੀ.ਆਈ.ਜੀ. (ਰਿਟਾ.) | 500/- | ਐਚ-7718 | 16-12-2015 |
| 16. | ਪੰਡਤ ਰਾਮ ਕੁਮਾਰ ਕੈਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ | 500/- | ਐਚ-7719 | 16-12-2015 |
| 17. | ਸ. ਹਰਬੰਸ ਸਿੰਘ, ਜਨਰਲ ਸਕੱਤਰ<br>ਮਕਾਨ ਨੰ.-2060, ਫੇਸ-10, ਮੋਹਾਲੀ | 500/- | ਐਚ-7720 | 16-12-2015 |
| 18. | ਸ. ਮਨਜੀਤ ਸਿੰਘ ਮੁਲਤਾਨੀ<br>ਮਕਾਨ ਨੰ.-1005, ਸੈਕਟਰ-71, ਮੋਹਾਲੀ | 500/- | ਐਚ-7721 | 16-12-2015 |
| 19. | ਸ. ਰਾਜਿੰਦਰਪਾਲ ਸਿੰਘ,<br>ਸੈਕਟਰ-38, ਚੰਡੀਗੜ੍ਹ | 200/- | ਐਚ-7722 | 16-12-2015 |
| 20. | ਸ. ਇੰਦਰਜੀਤ ਸਿੰਘ ਭਗਤਾਨਾ<br>ਮਕਾਨ ਨੰ.-1756, ਸੈਕਟਰ-43, ਚੰਡੀਗੜ੍ਹ | 100/- | ਐਚ-7723 | 16-12-2015 |
| 21. | ਸ. ਗੁਰਦੇਵ ਸਿੰਘ ਕੰਟਰੈਕਟਰ<br>ਮਕਾਨ ਨੰ.-122, ਸੈਕਟਰ-36, ਚੰਡੀਗੜ੍ਹ | 500/- | ਐਚ-7724 | 16-12-2015 |
| 22. | ਕਰਨਲ ਹਰਦਿੱਤ ਸਿੰਘ, ਜ਼ੀਰਕਪੁਰ | 500/- | ਐਚ-7725 | 16-12-2015 |
| 23. | ਸ. ਗੁਰਚਰਨ ਸਿੰਘ<br>ਮਕਾਨ ਨੰ.-39, ਸੈਕਟਰ-16-ਏ, ਚੰਡੀਗੜ੍ਹ | 100/- | ਐਚ-7726 | 16-12-2015 |
| 24. | ਸ. ਗੁਰਬਚਨ ਸਿੰਘ<br>ਮਕਾਨ ਨੰ.-2808/2, ਸੈਕਟਰ-47-ਸੀ, ਚੰਡੀਗੜ੍ਹ | 100/- | ਐਚ-7727 | 16-12-2015 |
| 25. | ਸ. ਜਗੀਰ ਸਿੰਘ ਲਾਲੀਆ<br>ਮਕਾਨ ਨੰ.-1838, ਫੇਸ-7, ਮੋਹਾਲੀ | 200/- | ਐਚ-7728 | 16-12-2015 |
| 26. | ਸ. ਸੁਰਿੰਦਰਜੀਤ ਸਿੰਘ ਗੁਰਦਾਸਪੁਰ | 500/- | ਐਚ-7729 | 16-12-2015 |
| 27. | ਸ. ਹਰਜੋਧ ਸਿੰਘ<br>ਗਲੀ ਨੰ.-3, ਰੰਧਾਵਾ ਕਲੋਨੀ,<br>ਮੁਕੇਰੀਆਂ (ਹੁਸ਼ਿਆਰਪੁਰ) | 2100/- | ਐਚ-7730 | 19-12-2015 |

| | | | | |
|---|---|---|---|---|
| 28. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ.-117, ਸੈਕਟਰ-35-ਏ, ਚੰਡੀਗੜ੍ਹ | 500/- | ਐਚ-7733 | 27-12-2015 |
| 29. | ਸ. ਅਮਰਜੀਤ ਸਿੰਘ<br>ਮਕਾਨ ਨੰ.-42, ਸੈਕਟਰ-16 ਏ, ਚੰਡੀਗੜ੍ਹ | 200/- | ਐਚ-7734 | 27-12-2015 |
| 30. | ਮੇਜਰ ਤਰਲੋਕ ਸਿੰਘ<br>ਮਕਾਨ ਨੰ.-62, ਸੈਕਟਰ-71, ਮੋਹਾਲੀ | 250/- | ਐਚ-7735 | 27-12-2015 |
| 31. | ਮੇਜਰ ਨਿਰੰਜਨ ਸਿੰਘ ਮੁਲਤਾਨੀ<br>ਮਕਾਨ ਨੰ.-1089, ਫੇਸ-10, ਮੋਹਾਲੀ | 200/- | ਐਚ-7736 | 27-12-2015 |
| 32. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ.-62, ਸੈਕਟਰ-71, ਮੋਹਾਲੀ | 500/- | ਐਚ-7737 | 27-12-2015 |
| 33. | ਡਾ. ਕਮਲਪ੍ਰੀਤ ਸਿੰਘ, ਪਟਿਆਲਾ | 200/- | ਐਚ-7738 | 27-12-2015 |
| 34. | ਸ. ਜਪਸਿਮਰਨ ਸਿੰਘ ਸਪੁੱਤਰ<br>ਡਾ. ਕਮਲਪ੍ਰੀਤ ਸਿੰਘ, ਪਟਿਆਲਾ | 100/- | ਐਚ-7739 | 27-12-2015 |
| 35. | ਸ. ਭਗਤ ਸਿੰਘ ਆਈ.ਏ.ਐਸ.(ਰਿਟਾ.)<br>ਮਕਾਨ ਨੰ.-795, ਫੇਸ-3 ਬੀ 1, ਮੋਹਾਲੀ | 200/- | ਐਚ-7740 | 27-12-2015 |
| 36. | ਸ. ਜਗੀਰ ਸਿੰਘ ਲਾਲੀਆ<br>ਮਕਾਨ ਨੰ.-1838, ਫੇਸ-7, ਮੋਹਾਲੀ | 200/- | ਐਚ-7741 | 27-12-2015 |

## ਮੋਬਾਇਲ ਲੈਬੋਰੇਟਰੀ - ਪ੍ਰਾਪਤ ਰਾਸ਼ੀ 4,12,800+12500=4,25300

### ਲਿਫ਼ਟ ਫੰਡ - ਪਹਿਲਾਂ ਪ੍ਰਾਪਤ ਰਾਸ਼ੀ = 56000

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਰਮਨਜੀਤ ਸਿੰਘ ਸਪੁੱਤਰ<br>(ਵਰਜੀਨੀਆ ਯੂ.ਐਸ.ਏ.)<br>ਸ. ਮਨਜੀਤ ਸਿੰਘ ਮੁਲਤਾਨੀ, ਮਕਾਨ ਨੰ.-1005, ਸੈਕਟਰ-71, ਮੋਹਾਲੀ | 1000 ਡਾਲਰ | ਐਚ-9841 | 22-11-15 |
| 2. | ਸ. ਹਰਭਜਨ ਸਿੰਘ (ਨਿਊਯਾਰਕ ਯੂ.ਐਸ.ਏ.<br>ਪਿੰਡ ਤੇ ਡਾ.-ਮਿਆਣੀ, ਜ਼ਿਲ੍ਹਾ-ਹੁਸ਼ਿਆਰਪੁਰ<br>32-E, Half Hollow RD Dix hills,<br>Ny 11746 U.S.A | 1000 ਡਾਲਰ | ਐਚ-9842 | 22-11-15 |



# MATRIMONIAL



Suitable match for a beautiful Sikh girl, M.A. 5’3”, 39 years, innocently divorced, daughter ten year old, well settled working Canadian citizen. Caste No Bar, Elder sister married to Lubana Canadian Citizen Boy (my son).Contact Col. Kulwant Singh Retd., Mob- 94637-70454, 94170-73643

* * *

Match for 19 year old girl, 5’2”, beautiful, slim, +2, Computer Basic Course, Fashion Design & Beauty Parlour Tarning, Caste No Bar, and Simple Marriage. Contact Col. Kulwant Singh Retd., Mob- 94637-70454, 94170-73643

* * *

Match for Lobana Sikh boy, Age 28 years, 5’8”, B.Tech, MS (IT) US, Working at US IT Company, Wishngton DC, required beautiful, well qualified girl in IT sector, preferably US citizen/ HI Visa. Only sister married, B.Tech, MS working in U.S.A. Father Army Officer and in business. Contact: - 099960-73733, 081466-95463

* * *

Match for Lobana Sikh girl, 14/11/1985, 5’2”, Fair, B.Pharmacy, Working in Pharma Company Mohali, Well settled family in America. Contact: - 9814015337

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਸ਼ੋਕ ਸਮਾਚਾਰ



ਪ੍ਰੋਫੈਸਰ ਗੁਰਦਿਆਲ ਸਿੰਘ ਜਿਨ੍ਹਾਂ ਦਾ 25-11-2015 ਨੂੰ ਦੇਹਾਂਤ ਹੋ ਗਿਆ ਸੀ ਉਨ੍ਹਾਂ ਦਾ ਜਨਮ 15-05-1948 ਨੂੰ ਮਾਤਾ ਅਮਰ ਕੌਰ ਅਤੇ ਪਿਤਾ ਮੇਜਰ ਸ਼ਰਮ ਸਿੰਘ ਦੇ ਘਰ ਪਿੰਡ-ਨੰਗਲ ਲੁਬਾਣਾ, ਰਿਆਸਤ-ਕਪੂਰਥਲਾ ਵਿਖੇ ਹੋਇਆ ਸੀ। ਉਹ ਆਪਣੇ ਪਿੱਛੇ ਧਰਮਪਤਨੀ, ਲੜਕਾ ਅਤੇ ਲੜਕੀ ਜੋ ਅਮਰੀਕਾ ਵਿਚ ਸੈਟਲ ਹਨ ਛੱਡ ਗਏ ਹਨ। ਪ੍ਰਿੰਸੀਪਲ ਗੁਰਦਿਆਲ ਸਿੰਘ ਸਵ. ਸੂਬੇਦਾਰ ਦੇਵਾ ਸਿੰਘ ਜਿਨ੍ਹਾਂ ਨੂੰ 90 ਸਾਲ ਦੀ ਉਮਰ ਵਿਚ ਪਿੰਡ ਦੇ ਸਰਪੰਚ ਹੁੰਦਿਆ ਹੋਇਆ ਸਵ. ਪਰਤਾਪ ਸਿੰਘ ਕੈਰੋ ਮੁੱਖ ਮੰਤਰੀ ਪੰਜਾਬ ਦਾ ਮਾਰਚ 1964 ਵਿਚ ਪਿੰਡ ਵਿਖੇ ਸਵਾਗਤ ਕਰਨ ਦਾ ਮਾਨ ਪ੍ਰਾਪਤ ਸੀ ਉਨ੍ਹਾਂ ਦੇ ਪੋਤੇ ਸਨ। ਉਹ ਸ. ਬਹਾਦਰ ਮਹਿਤਾਬ ਸਿੰਘ, ਗਾਲੋਵਾਲ ਜਿਨ੍ਹਾਂ ਲੁਬਾਣਾ ਭਾਈਚਾਰੇ ਦੀ ਵੱਡੀ ਸੇਵਾ ਕੀਤੀ ਸੀ ਦੇ ਦੋਤਰੇ ਸਨ। ਪ੍ਰੋਫੈਸਰ ਸਾਹਿਬ ਨੇ ਦੱਸਵੀਂ ਜਮਾਤ ਪਿੰਡ ਦੇ ਸਰਕਾਰੀ ਹਾਈ ਸਕੂਲ ਤੋਂ ਪਾਸ ਕੀਤੀ ਸੀ ਅਤੇ ਬੀ.ਏ. ਰਨਧੀਰ ਸਰਕਾਰੀ ਕਾਲਜ ਕਪੂਰਥਲਾ ਤੋਂ ਅਤੇ ਐਮ.ਏ. ਇੰਗਲਿਸ਼ ਅਤੇ ਪੰਜਾਬੀ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਪਾਸ ਕੀਤੀ ਸੀ। ਉਹ 32 ਸਾਲ ਸੰਤ ਪ੍ਰੇਮ ਸਿੰਘ ਖਾਲਸਾ ਕਾਲਜ ਵਿਚ ਪ੍ਰੋਫੈਸਰ ਰਹੇ ਅਤੇ 2008 ਵਿਚ ਵਾਈਸ ਪ੍ਰਿੰਸੀਪਲ ਵਜੋਂ ਸੇਵਾ ਮੁਕਤ ਹੋਏ। ਪ੍ਰੋਫੈਸਰ ਸਾਹਿਬ ਨੂੰ ਚੰਗੀਆਂ ਕਿਤਾਬਾਂ ਖਰੀਦਣ ਅਤੇ ਪੜ੍ਹਣ ਦਾ ਬਹੁਤ ਸ਼ੌਕ ਸੀ। ਉਨ੍ਹਾਂ ਦੀ ਯਾਦ ਵਿਚ ਕੀਰਤਨ ਅਤੇ ਅੰਤਿਮ ਅਰਦਾਸ ਮਿਤੀ-04-12-2015 ਨੂੰ ਪਿੰਡ ਮੰਡੀ ਰੋਡ ਦੇ ਗੁਰਦੁਆਰਾ ਸਾਹਿਬ ਵਿਚ ਸੰਪੰਨ ਹੋਈ। ਇਸ ਵਿਚ ਵਿਸ਼ੇਸ਼ ਤੌਰ ਤੇ ਸ. ਸੁਖਪਾਲ ਸਿੰਘ ਖਹਿਰਾ ਸਾਬਕਾ ਐਮ.ਐਲ. ਏ., ਪ੍ਰੋਫੈਸਰ ਹਰੀ ਸਿੰਘ ਖਹਿਰਾ, ਬੀਬੀ ਬਖਸ਼ੀਸ਼ ਕੌਰ ਸਾਬਕਾ ਜੱਜ ਹਾਈ ਕੋਰਟ, ਸ. ਗੁਰਚਰਨ ਸਿੰਘ ਪ੍ਰਧਾਨ ਚੰਡੀਗੜ੍ਹ, ਮੇਜਰ ਮੇਹਰ ਸਿੰਘ, ਕਰਨਲ ਰਾਜਿੰਦਰ ਸਿੰਘ, ਕਰਨਲ ਕੁਲਵੰਤ ਸਿੰਘ, ਪ੍ਰਿੰਸੀਪਲ ਦਵਿੰਦਰ ਸਿੰਘ, ਸ. ਹਰਜੋਧ ਸਿੰਘ ਐਸ. ਡੀ. ਓ., ਕਮਾਡੈਂਟ ਬਖਸ਼ੀਸ਼ ਸਿੰਘ, ਪ੍ਰੋਫੈਸਰ ਗੁਲਜ਼ਾਰ ਸਿੰਘ, ਪ੍ਰਿੰਸੀਪਲ ਜੁਗਰਾਜ ਸਿੰਘ ਬੇਗੋਵਾਲ ਕਾਲਜ, ਪ੍ਰਿੰਸੀਪਲ ਤਰਲੋਕ ਸਿੰਘ ਡੀਨ ਚੰਡੀਗੜ੍ਹ ਯੂਨੀਵਰਸਿਟੀ, ਸ. ਕੁਲਦੀਪ ਸਿੰਘ ਘੋਤਪੋਕਰ, ਪ੍ਰਿੰਸੀਪਲ ਖਜਾਨ ਸਿੰਘ, ਕੈਪਟਨ ਜਸਵੰਤ ਸਿੰਘ, ਸ. ਹਰਜੀਤ ਸਿੰਘ ਪ੍ਰਧਾਨ ਬੇਗੋਵਾਲ ਕਾਲਜ ਕਮੇਟੀ, ਸ. ਸੁਰਜੀਤ ਸਿੰਘ ਬੈਂਕ ਮੈਨੇਜਰ, ਸ. ਸੂਰਤ ਸਿੰਘ ਪ੍ਰਧਾਨ ਲਾਇਨ ਕਲੱਬ ਬੇਗੋਵਾਲ, ਸ. ਮੱਖਣ ਸਿੰਘ ਡੀ.ਐਫ.ਐਸ.ਸੀ., ਸ. ਹਰਜੀਤ ਸਿੰਘ ਕਮਿਸ਼ਨ ਏਜੰਟ ਬੇਗੋਵਾਲ, ਸ. ਬਲਕਾਰ ਸਿੰਘ ਨਾਰਵੇ, ਸ. ਬਲਬੀਰ ਸਿੰਘ ਅਤੇ ਸ. ਲਖਬੀਰ ਸਿੰਘ ਲੱਖੀ ਜਲਾਲਪੁਰ ਸ਼ਾਮਲ ਹੋਏ। ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿਚ ਸ. ਸੁਖਪਾਲ ਸਿੰਘ ਖਹਿਰਾ ਸਾਬਕਾ ਐਮ.ਐਲ.ਏ., ਪ੍ਰੋਫੈਸਰ ਹਰੀ ਸਿੰਘ ਖਹਿਰਾ, ਸ. ਗੁਰਚਰਨ ਸਿੰਘ ਪ੍ਰਧਾਨ ਚੰਡੀਗੜ੍ਹ ਅਤੇ ਪ੍ਰਿੰਸੀਪਲ ਤਰਲੋਕ ਸਿੰਘ ਸ਼ਾਮਲ ਸਨ ਜਿਨ੍ਹਾਂ ਨੇ ਪ੍ਰੋਫੈਸਰ ਗੁਰਦਿਆਲ ਸਿੰਘ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ। ਮੇਜਰ ਨਰਿੰਦਰ ਸਿੰਘ ਜਲੋ ਨੇ ਅੰਤਿਮ ਅਰਦਾਸ ਵਿਚ ਆਈ ਸੰਗਤ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਦਾ ਬਹੁਤ ਰਿਣੀ ਹੈ ਜਿਨ੍ਹਾਂ ਇਸ ਦੁੱਖ ਵਿਚ ਸ਼ਾਮਲ ਹੋ ਕੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਬੀਬੀ ਨਰਿੰਦਰ ਕੌਰ ਨੇ ਆਪਣੇ ਪਤੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਲਈ 2100/- ਰੁਪਏ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਲਈ 3100/- ਰੁਪਏ ਦਾਨ ਵਜੋਂ ਦਿੱਤੇ। ਅਦਾਰਾ ਫਾਊਂਡੇਸ਼ਨ ਉਨ੍ਹਾਂ ਦਾ ਧੰਨਵਾਦੀ ਹੈ ਅਤੇ ਅਰਦਾਸ ਕਰਦਾ ਹੈ ਕਿ ਪਰਮਾਤਮਾ ਪ੍ਰੋਫੈਸਰ ਸਾਹਿਬ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਪਰਿਵਾਰ ਚੜ੍ਹਦੀਆਂ ਕਲਾ ਵਿਚ ਰਹੇ।

(ਗੁਰਚਰਨ ਸਿੰਘ)

ਪ੍ਰਧਾਨ

Regd No. 32212/78

Postal No.-- CHD/0111/2015-17

# Sis Marg Yatra



